*ਸੰਪਾਦਕੀ*

# ਜ਼ਿੰਦਗੀ, ਸਭਿਆਚਾਰ ਅਤੇ ਸਾਹਿਤ

ਇੱਕ ਲੇਖਕ ਆਪਣੇ ਛੋਟੇ ਜਿਹੇ ਨਗਰ ਦੀ ਫਿਰਨੀ ਵਾਲੀ ਸੜਕ ਤੇ ਮੋਟਰ ਸਾਈਕਲ ਚਲਾ ਰਿਹਾ ਸੀ ਤਾਂ ਅਚਾਨਕ ਉਸ ਦੀ ਨਜ਼ਰ ਦਾਣੇ ਭੁੰਨਣ ਵਾਲੀ ਭੱਠੀ ਤੇ ਪਈ। ਦੋ ਵਿਅਕਤੀ ਦਾਣੇ ਭੁੰਨਾ ਰਹੇ ਸਨ। ਲੇਖਕ ਭੱਠੀ ਦਾ ਦ੍ਰਿਸ਼ ਵੇਖ ਖੁਸ਼ੀ ਨਾਲ ਸਰਸ਼ਾਰ ਹੋ ਗਿਆ। ਉਹ ਇੱਕ ਕਰਿਆਨੇ ਦੀ ਦੁਕਾਨ ਤੋਂ ਅੱਧਾ ਕਿਲੋ ਕਾਲੇ ਛੋਲੇ ਲੈ ਕੇ ਭੱਠੀ ਤੇ ਪਹੁੰਚ ਗਿਆ। ਭੱਠੀ ਵਾਲੀ ਨੇ ਦੋ ਪਰਾਗੇ ਕਰਕੇ ਦਾਣੇ ਭੁੰਨ ਦਿੱਤੇ। ਇਸ ਕਾਰਜ ਬਦਲੇ ਦਸ ਰੁਪਏ ਦੇਣ ਲਈ ਕਿਹਾ। ਲੇਖਕ ਉਥੇ ਖੜ੍ਹਾ ਇੰਜ ਮਹਿਸੂਸ ਕਰ ਰਿਹਾ ਸੀ ਜਿਵੇਂ ਉਹਨੇ ਵੀਹ ਸਾਲ ਪਹਿਲਾਂ ਵਾਲੇ ਰੰਗਲੇ ਪੰਜਾਬ ਦੀ ਮਹਿਕ ਦਾ ਤੋਹਫ਼ਾ ਪ੍ਰਾਪਤ ਕਰ ਲਿਆ ਹੋਵੇ। ਇਸੇ ਚਾਅ ਵਿੱਚ ਉਸ ਨੇ ਭੱਠੀ ਵਾਲੀ ਨੂੰ ਵੀਹ ਰੁਪਏ ਦਿੱਤੇ ਅਤੇ ਉਸ ਦਾ ਧੰਨਵਾਦ ਕੀਤਾ। ਭੱਠੀ ਵਾਲੀ ਨੇ ਗੱਲ ਸਾਂਝੀ ਕਰਦੇ ਕਿਹਾ ਕਿ ਉਹਨਾਂ ਨੇ ਪੰਜ ਛੇ ਸਾਲ ਪਹਿਲਾਂ ਦਾਣੇ ਭੁੰਨਣੇ ਬੰਦ ਕਰ ਦਿੱਤੇ ਸੀ ਅਤੇ ਰੇਹੜੀ ਲੈ ਕੇ ਟਿੱਕੀਆਂ ਵੇਚਣ ਦਾ ਕੰਮ ਸ਼ੁਰੂ ਕਰ ਲਿਆ ਸੀ ਪਰ ਨੋਟਬੰਦੀ ਕਾਰਨ ਉਨ੍ਹਾਂ ਦਾ ਰੇਹੜੀ ਵਾਲਾ ਕਾਰਜ ਠੱਪ ਹੋ ਗਿਆ ਤੇ ਇਸੇ ਕਾਰਨ ਭੱਠੀ ਦੀ ਲਿੱਪਾ ਪੋਚੀ ਕਰਕੇ ਦੁਬਾਰਾ ਦਾਣੇ ਭੁੰਨ ਰਹੇ ਹਾਂ। ਭੱਠੀ ਵਾਲੀ ਨੇ ਵਾਇਦਾ ਕੀਤਾ ਕਿ ਉਹ ਹੁਣ ਭੱਠੀ ਤੋਂ ਦੂਰ ਨਹੀਂ ਜਾਵੇਗੀ। ਜਦ ਦੀ ਉਹ ਭੱਠੀ ਤੋਂ ਦੂਰ ਰਹੀ, ਬਲੱਡ ਪ੍ਰੈਸ਼ਰ ਤੇ ਹੋਰ ਕਈ ਅਲਾਮਤਾਂ ਤੋਂ ਉਹ ਪੀੜਤ ਰਹੀ। ਲੇਖਕ ਸੁਣ ਕੇ ਡਾਹਢੀ ਸੰਤੁਸ਼ਟੀ ਵਿੱਚ ਆਪਣੇ ਗੁਆਚੇ ਹੋਏ ਸੱਭਿਆਚਾਰ ਦੇ ਅਨਮੋਲ ਖਜ਼ਾਨੇ ਨੂੰ ਪ੍ਰਾਪਤ ਕਰ ਗਿਆ। ਉਸ ਨੂੰ ਸ਼ਿਵ ਕੁਮਾਰ ਬਟਾਲਵੀ ਦੀਆਂ ਉਹ ਸਤਰਾਂ ਯਾਦ ਆ ਗਈਆਂ ਭਾਵੇਂ ਉਸ ਨੇ ਉਹ ਵੱਖਰੇ ਪ੍ਰਸੰਗ ਵਿੱਚ ਲਿਖੀਆਂ ਸਨ :

**ਭੱਠੀ ਵਾਲੀਏ, ਚੰਬੇ ਦੀਏ ਡਾਲੀਏ,**
**ਨੀਂ ਪੀੜਾਂ ਦਾ ਪਰਾਗਾ ਭੁੰਨ ਦੇ।**

ਜਿੱਥੇ ਜ਼ਿੰਦਗੀ ਪੱਟੜੀ ਤੋਂ ਲਹਿ ਜਾਵੇ, ਉਥੇ ਸਭਿਆਚਾਰਕ ਕਦਰਾਂ ਕੀਮਤਾਂ ਦਾ ਘਾਣ ਹੋ ਜਾਂਦਾ ਹੈ।

ਅੱਜ ਤੋਂ ਦਸ ਕੁ ਸਾਲ ਪਹਿਲਾਂ ਇਕ ਕਵੀ ਆਪਣਾ ਪਿੰਡ ਛੱਡ ਕੇ ਸ਼ਹਿਰ ਚਲਾ ਗਿਆ। ਪਿੰਡ ਵਿੱਚ ਉਹਨੂੰ ਲੋਕਾਂ ਦਾ ਰਜਵਾਂ ਪਿਆਰ ਮਿਲਦਾ ਸੀ। ਜਾਣ ਤੋਂ ਪਹਿਲਾਂ ਆਪਣੇ ਦੋਸਤ ਇੱਕ ਨਾਟਕਕਾਰ ਨੂੰ ਪਿੰਡ ਛੱਡ ਕੇ ਸ਼ਹਿਰ ਜਾਣ ਦਾ ਕਾਰਨ ਬਿਆਨਦਾ ਕਹਿਣ ਲੱਗਾ, "ਸਾਰਾ ਮੀਡੀਆ ਸ਼ਹਿਰ 'ਚ ਬੈਠੈ, ਦੂਰਦਰਸ਼ਨ ਤੇ ਅਖ਼ਬਾਰਾਂ ਨਾਲ ਸਿੱਧਾ ਰਾਬਤਾ ਜੁੜਦੈ, ਸਥਾਪਤ ਲੇਖਕਾਂ 'ਚ ਸ਼ੁਮਾਰ ਹੁੰਦੇ ਦੇਰ ਨਹੀਂ ਲੱਗਦੀ। ਵੱਡੇ ਵੱਡੇ ਲੇਖਕਾਂ



ਨਾਲ ਵਾਹ ਪੈਂਦੈ।" ਕਹਾਣੀਕਾਰ ਕਿਸੇ ਮਹਿਕਮੇ 'ਚ ਸਰਵਿਸ ਕਰਦਾ ਸੀ ਅਤੇ ਉਸ ਦੀ ਆਰਥਿਕ ਦਸ਼ਾ ਵੀ ਚੰਗੀ ਸੀ। ਸ਼ਹਿਰ 'ਚ ਨਿਵਾਸ ਕਰਨ ਉਪਰੰਤ ਦੋ ਕੁ ਸਾਲ ਬਾਅਦ ਇੱਕ ਦਿਨ ਸਵੇਰੇ ਦਸ ਕੁ ਵਜੇ ਉਹ ਆਪਣੇ ਦੋਸਤ ਨਾਟਕਕਾਰ ਨੂੰ ਮਿਲਣ ਉਹਦੇ ਘਰ ਆਇਆ। ਕਵੀ ਦੇ ਚਿਹਰੇ ਤੇ ਛਾਈ ਪਲਿੱਤਣ ਵੇਖ ਨਾਟਕਕਾਰ ਹੈਰਾਨ ਹੋ ਗਿਆ। ਕਵੀ ਨੇ ਮਿਲਣ ਉਪਰੰਤ ਕਿਹਾ, "ਯਾਰ, ਰੋਟੀ ਖਾਣੀ ਏ।" "ਕੋਈ ਗੱਲ ਨਹੀਂ ਰੋਟੀ ਵੀ ਖਾਂਦੇ ਹਾਂ, ਲੱਸੀ ਵੀ ਪੀਂਦੇ ਹਾਂ। ਮੈਂ ਇੱਕ ਗਾਂ ਲੈ ਲਈ ਏ। ਸ਼ਹਿਰ ਦਾ ਸੁਣਾ ? ਨਾਟਕਕਾਰ ਨੇ ਬੋਲਦੇ ਬੋਲਦੇ ਸੁਭਾਵਕ ਹੀ ਪੁੱਛਿਆ। ਔਖਾ ਜਿਹਾ ਸਾਹ ਲੈਂਦਾ ਹੋਇਆ ਕਵੀ ਬੋਲਿਆ, "ਕਾਹਦਾ ਸ਼ਹਿਰ.... ਗੁਆਂਢੀ ਨੂੰ ਗੁਆਂਢੀ ਨਹੀਂ ਬੁਲਾਉਂਦਾ। ਕੋਈ ਚੀਜ਼ ਸਾਫ਼ ਨਹੀਂ ਮਿਲਦੀ ਖਾਣ ਪੀਣ ਵਾਲੀ। ਹੁਣ ਤਾਂ ਲਿਖਣ ਨੂੰ ਵੀ ਦਿਲ ਨਹੀਂ ਕਰਦਾ.... ਘਰ ਦੀਆਂ ਲੋੜਾਂ ਥੁੜਾਂ ਨੇ ਹੀ ਮਾਰ ਦਿੱਤੈ। ਬੱਸ ਗੁਆਚ ਗਏ ਹਾਂ ਭੀੜ ਵਿੱਚ। ਕਦੇ ਕਦੇ ਦਿਲ ਕਰਦੈ ਕਿ ਪਿੰਡ ਆ ਜਾਵਾਂ ਪਰ ਹੁਣ ਬੱਚੇ ਉਥੇ ਪੜ੍ਹਦੇ ਨੇ.... ਉਹ ਤਾਂ ਬਣ ਗਏ ਸ਼ਹਿਰੀ।" ਰੋਟੀ ਖਾਣ ਬਾਅਦ ਖੁਸ਼ੀ ਨਾਲ ਨੱਕੋ ਨੱਕ ਭਰ ਗਿਆ। ਕਹਿਣ ਲੱਗਾ, "ਮੁੱਦਤ ਬਾਅਦ ਇਹੋ ਜਿਹੀ ਰੋਟੀ ਨਸੀਬ ਹੋਈ ਏ।" ਉਸ ਦੇ ਜਾਣ ਬਾਅਦ ਨਾਟਕਕਾਰ ਨੇ ਮਹਿਸੂਸ ਕੀਤਾ ਕਿ ਜਿੱਥੇ ਜ਼ਿੰਦਗੀ ਧੜਕਦੀ ਹੈ, ਸਭਿਆਚਾਰ ਦੇ ਦਰਸ਼ਨ ਵੀ ਉਥੇ ਨਸੀਬ ਹੁੰਦੇ ਨੇ ਅਤੇ ਜੀਵਨ ਨਾਲ ਸੰਬੰਧਿਤ ਵਿਭਿੰਨ ਸਮੱਸਿਆਵਾਂ ਜਾਂ ਰੁਝਾਣਾਂ ਸੰਬੰਧੀ ਕਲਮ ਵੀ ਉਥੇ ਚਲਦੀ ਹੋਈ ਸੱਜਰਾ ਸਾਹਿਤ ਸਿਰਜਦੀ ਹੈ।

ਅੱਜ ਹਰ ਸੂਝਵਾਨ ਪੰਜਾਬੀ ਚਿੰਤਤ ਹੈ ਕਿ ਪੰਜਾਬੀ ਨੌਜਵਾਨ ਧੜਾਧੜ ਵਿਦੇਸ਼ਾਂ ਵੱਲ ਉਡਾਰੀਆਂ ਮਾਰ ਰਹੇ ਹਨ। ਪੰਜਾਬੀ ਸੱਥਾਂ ਵਿੱਚ ਇਕੱਤਰ ਹੋਏ ਬਜ਼ੁਰਗ ਲਾਚਾਰ ਜਿਹੇ ਨਜ਼ਰ ਆਉਂਦੇ ਹਨ। ਪਿੰਡਾਂ ਵਿੱਚ ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਪੜ੍ਹ ਰਹੇ ਨੌਜਵਾਨ ਸੋਸ਼ਲ ਮੀਡੀਏ ਨਾਲ ਜੁੜੇ ਇਕਾਂਤ ਨੂੰ ਪਹਿਲ ਦੇ ਰਹੇ ਹਨ। ਪੁਸਤਕਾਂ ਵੱਲ ਉਹ ਮੂੰਹ ਹੀ ਨਹੀਂ ਕਰਦੇ। ਕੁਝ ਮੁੱਠੀ ਭਰ ਲੇਖਕ ਹਨ, ਜਿਹਨਾਂ ਨੇ ਪੰਜਾਬ ਵਿੱਚ ਸੰਕਟਮਈ ਹਾਲਾਤਾਂ ਵਿੱਚ ਲੋਕਾਂ ਦੀ ਸਾਰ ਲੈਂਦੇ ਹੋਏ ਕਲਮ ਦੀ ਧਾਰ ਨੂੰ ਖੁੰਢਾ ਨਹੀਂ ਹੋਣ ਦਿੱਤਾ। ਤ੍ਰਾਸਦੀ ਇਹ ਹੈ ਕਿ ਅਜਿਹੇ ਲੇਖਕਾਂ ਦੀਆਂ ਜ਼ਮੀਨੀ ਹਕੀਕਤਾਂ ਨਾਲ ਜੁੜੀਆਂ ਰਚਨਾਵਾਂ ਸ਼ਹਿਰ ਵਿੱਚ ਬੈਠੇ 'ਸਥਾਪਿਤ' ਵਿਦਵਾਨਾਂ ਨੂੰ ਨਜ਼ਰ ਨਹੀਂ ਆਉਂਦੀਆਂ। ਅਜਿਹੇ 'ਵਿਦਵਾਨਾਂ' ਦੇ ਪੈਨਲ ਕਈ ਵਾਰ ਪੁਰਸਕਾਰ ਉਹਨਾਂ ਲੇਖਕਾਂ ਦੇ ਨਾਂ ਕਰ ਦਿੰਦੇ ਹਨ ਜੋ ਜੁਗਾੜ ਲਾਉਣ 'ਚ ਸਮਰੱਥ ਹੋਣ। ਇੰਜ ਜ਼ਿੰਦਗੀ ਪੱਟੜੀ ਤੋਂ ਲਹਿ ਕੇ ਸੱਭਿਆਚਾਰ ਦਾ ਭੋਗ ਪਾ ਕੇ ਲੋਕ ਪੱਖੀ ਸਾਹਿਤ ਨਾਲ ਨਾਇਨਸਾਫ਼ੀ ਕਰ ਦਿੰਦੀ ਹੈ।

*– ਸਤਵਿੰਦਰ ਬੇਗਵਾਲੀਆ*

◆◆◆

# ਕਾਵਿ ਸੰਸਾਰ

## ਮਸ਼ਹੂਰ ਜਿਹੇ ਹੋ ਚੱਲੇ ਹਾਂ

**ਪ੍ਰੋ. ਕੁਲਵੰਤ ਔਜਲਾ**

ਇੱਕ ਦੂਜੇ ਨੂੰ ਭੰਡਣ ਵਿੱਚ ਮਸ਼ਹੂਰ ਜੇਹੇ ਹੋ ਚੱਲੇ ਹਾਂ
ਖ਼ੁਦੀਆਂ ਅਤੇ ਖ਼ੁਦਾਈਆਂ ਵਿੱਚ ਮਗ਼ਰੂਰ ਜੇਹੇ ਹੋ ਚੱਲੇ ਹਾਂ
ਦਿੱਲੀ ਅਤੇ ਲਾਹੌਰ ਨਾਲੋਂ ਵੀ ਦੂਰ ਜੇਹੇ ਹੋ ਚੱਲੇ ਹਾਂ
ਦੇਖਾ ਦੇਖੀ ਅਸੀਂ ਵੀ ਇੱਕ ਫਤੂਰ ਜੇਹੇ ਹੋ ਚੱਲੇ ਹਾਂ
ਹਉਂ ਦੀ ਅੱਗ ਵਿੱਚ ਭੁੱਜਦੇ ਹੋਏ ਗ਼ਰੂਰ ਜੇਹੇ ਹੋ ਚੱਲੇ ਹਾਂ
ਹੁੰਦੇ ਸੁੰਦੇ ਰੌਸ਼ਨੀਆਂ ਬੇਨੂਰ ਜੇਹੇ ਹੋ ਚੱਲੇ ਹਾਂ
ਨਾਲ ਵਕਤ ਦੇ ਝੜਦੇ ਜਾਂਦੇ ਬੂਰ ਜੇਹੇ ਹੋ ਚੱਲੇ ਹਾਂ
ਮਾਂ ਬਾਪ ਦੀ ਵੱਟੀ ਰਹਿ ਗਈ ਘੂਰ ਜੇਹੇ ਹੋ ਚੱਲੇ ਹਾਂ
ਡੁੱਬਦੀ ਜਾਂਦੀ ਬੇੜੀ ਦੇ ਇੱਕ ਪੂਰ ਜੇਹੇ ਹੋ ਚੱਲੇ ਹਾਂ
ਨਸ਼ਿਆਂ ਦੇ ਵਿੱਚ ਡੁੱਬੇ ਹੋਏ ਸਰੂਰ ਜੇਹੇ ਹੋ ਚੱਲੇ ਹਾਂ
ਏਨੀ ਨਫ਼ਰਤ, ਏਨੀ ਨਿੰਦਿਆ, ਏਨੇ ਦੂਸ਼ਣ, ਏਨਾ ਸ਼ੋਰ
ਕੂੜ ਸਿਆਸਤ ਦੇ ਧੰਦੇ ਵਿੱਚ  ਚੂਰ ਜੇਹੇ ਹੋ ਚੱਲੇ ਹਾਂ
ਨਾ ਅਸੀਂ ਨਾਨਕ ਦੇ ਵਾਰਿਸ, ਨਾ ਹੀ ਸਾਡਾ ਸਾਂਝਾ ਬਾਟਾ
ਜੱਟ, ਬ੍ਰਾਹਮਣ, ਨਾਈ, ਛੀਂਬੇ, ਝੀਊਰ ਜੇਹੇ ਹੋ ਚੱਲੇ ਹਾਂ
ਨਾ ਹੀ ਰੱਜਕੇ ਬਰਸ ਸਕੇ, ਨਾ ਹੀ ਖੁਲ੍ਹਕੇ ਗਰਜ ਸਕੇ
ਕਿਣ-ਮਿਣ ਕਿਣ-ਮਿਣ ਕਣੀਆਂ ਦੀ ਬਸ ਭੂਰ ਜੇਹੇ ਹੋ ਚੱਲੇ ਹਾਂ
ਮੈਂ ਕਾਬਿਲ, ਮੈਂ ਵੱਡਾ ਬੰਦਾ, ਮੇਰਾ ਸਭ ਤੋਂ ਉੱਤਮ ਧੰਦਾ
ਮੈਂ-ਮੁਖੀ ਮਸ਼ਹੂਰੀਆਂ ਲਈ ਮਜ਼ਬੂਰ ਜੇਹੇ ਹੋ ਚੱਲੇ ਹਾਂ
ਹਰ ਕਿਸੇ ਕੋਲ ਹਿੰਸਕ ਭੀੜ, ਦੰਗੇ ਕਰਦੀ ਫਿਰੇ ਕੁਤੀੜ
ਇੱਕ ਬਦਨਾਮ ਸਿਆਸਤ ਲਈ ਮਨਜ਼ੂਰ ਜੇਹੇ ਹੋ ਚੱਲੇ ਹਾਂ
ਚਿੱਟੇ ਬਸਤਰ ਕਾਲੇ ਕਾਰੇ, ਲੋਕੀਂ ਡਰਦੇ ਫਿਰਨ ਵੇਚਾਰੇ
ਭੇਖ, ਪਾਖੰਡ, ਦਿਖਾਵੇ ਸੰਗ ਭਰਪੂਰ ਜੇਹੇ ਹੋ ਚੱਲੇ ਹਾਂ
ਮੈਂ ਅਪਰਾਧੀ, ਮੈਂ ਅਬਦਾਲੀ, ਮੈਂ ਕੌਂਡਾ, ਮੈਂ ਕਾਲਾ ਦੈਂਤ
ਬਹੁਭਾਂਤੀ ਕਿਰਦਾਰਾਂ ਦੇ ਦਸਤੂਰ ਜੇਹੇ ਹੋ ਚੱਲੇ ਹਾਂ

**97, ਮਾਡਲ ਟਾਊਨ, ਕਪੂਰਥਲਾ**
**ਫ਼ੋਨ** -01822-235343, 502556

◆◆◆



## ਆਜ਼ਾਦੀ ਦਾ ਸੁਫ਼ਨਾ

**ਸਤਵਿੰਦਰ ਬੇਗੋਵਾਲੀਆ**



ਇਸ ਕਾਲ ਕੋਠੜੀ ਵਿੱਚ
ਸਹਿਣੀਆਂ ਤਾਂ ਪੈਂਦੀਆਂ ਨੇ ਨਿੱਤ ਨਵੀਂਆਂ ਪੀੜਾਂ।
ਭਾਰਤ ਮਾਂ ਆਜ਼ਾਦ ਹੋਵੇਗੀ
ਕਹਿੰਦੀਆਂ ਨੇ ਮੇਰੇ ਪੈਰਾਂ 'ਚ ਪਈਆਂ ਹੋਈਆਂ ਜੰਜ਼ੀਰਾਂ।
ਕਾਫ਼ਲਾ ਤਾਂ ਚੱਲ ਪਿਆ ਹੈ
ਮੂੰਹੋਂ ਬੋਲਦੀਆਂ ਨੇ ਸਾਡੇ ਸਫ਼ਰ ਦੀਆਂ ਲਕੀਰਾਂ।
ਨਾਅਰਿਆਂ ਦੀ ਗੂੰਜ ਸੁਣ
ਗੋਰਿਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਂਦੀ ਹੈ।
ਮੇਰਾ ਰੰਗ ਦੇ ਬਸੰਤੀ ਚੋਲਾ
ਹਰ ਦਿਸ਼ਾ 'ਚੋਂ ਆਵਾਜ਼ ਇਹੀ ਆਉਂਦੀ ਹੈ।
ਹਵਾ ਦਾ ਝੋਂਕਾ ਨਗਮਾ ਸੁਣਾ ਰਿਹੈ
ਫਿਰ ਉਹ ਦੌਰ ਆਵੇਗਾ।
ਹਰ ਬੰਦਾ ਖੁਲ੍ਹੀ ਹਵਾ 'ਚ ਸਾਹ ਲਏਗਾ
ਆਪਣੀ ਹੋਣੀ ਖ਼ੁਦ ਬਣਾਵੇਗਾ।
ਮੇਰੀ ਆਸ ਦੇ ਦੀਵੇ ਨੇ
ਖੇਤਾਂ ਤੇ ਪੁੱਤ ਮੁਸਕਰਾਉਣਗੇ।
ਖੇਤਾਂ ਦੇ ਕਾਰਖਾਨਿਆਂ 'ਚ ਕਿਰਤੀ
ਰੀੜ ਦੀ ਹੱਡੀ ਬਣ ਜਾਣਗੇ।
ਫਿਰ ਕੋਈ ਭੁੱਖੇ ਪੇਟ ਕਿਉਂ ਸੌਂਵੇਗਾ
ਜਦ ਉਹ ਹਰੀ ਕ੍ਰਾਂਤੀ ਲਿਆਉਣਗੇ।
ਸੱਥਾਂ 'ਚ ਬੈਠੇ ਬਜ਼ੁਰਗ
ਆਜ਼ਾਦੀ ਦੇ ਸੋਹਲੇ ਗਾਉਣਗੇ!
ਪਰ ਗੋਰੇ ਜਾਣ ਤੋਂ ਪਹਿਲਾਂ
ਆਪਣੀ ਗਿੱਦੜਸਿੰਗੀ ਜ਼ਰੂਰ ਛੱਡ ਜਾਣਗੇ।
ਅਸੀਂ ਸੁਫ਼ਨਾ ਲਿਆ ਹੈ
ਨੰਨ੍ਹਾ ਮਜ਼ਦੂਰੀ ਕਰਨ ਦੀ ਥਾਂ
ਸਕੂਲ ਪੜ੍ਹਨ ਲਈ ਜਾਏਗਾ।
ਰੁੱਤ ਫਿਰੇਗੀ, ਨਵੀਂ ਗੱਲ ਤੁਰੇਗੀ
ਦੇਸ਼ ਪਿਆਰ ਦਾ ਨਗਮਾ ਬੁਲਾਂ ਤੇ ਆਏਗਾ।

ਪੇਂਡੂ ਤੇ ਸ਼ਹਿਰੀ ਪਾ ਗਲਵਕੜੀ
ਗਰੀਬੀ ਦਾ ਭੋਗ ਹੀ ਪਾਉਣਗੇ।
ਮੰਦਰ, ਮਸਜਿਦ, ਗੁਰਦੁਆਰੇ ਤੇ ਚਰਚ
ਸਾਂਝੀਵਾਲਤਾ ਦਾ ਸਬਕ ਪੜ੍ਹਾਉਣਗੇ।
ਖੂਹ ਦੇ ਡੱਡੂ ਬਣਨਾ ਛੱਡ ਲੋਕ
ਆਪਣੀ ਬਾਰੀ ਖੋਹਲ ਬਾਹਰ ਵੱਲ ਝਾਤ ਪਾਉਣਗੇ।
ਸਮੇਂ ਦੇ ਹਾਣੀ ਬਣਨ ਲਈ
ਅੱਖਰਾਂ ਦੇ ਨਾਲ ਸਾਂਝ ਪਾਉਣਗੇ।
ਨਾਨਕ, ਲੈਨਿਨ ਤੇ ਕਾਰਲ ਮਾਰਕਸ ਦੀ
ਇੱਕ ਮੰਚ ਤੇ ਬਾਤ ਪਾਉਣਗੇ।
ਦੂਰ ਤਾਈਂ ਪਸਰੇ ਹਨ੍ਹੇਰੇ 'ਤੇ
ਚਾਨਣ ਦੇ ਛਿੱਟੇ ਵਰਸਾਉਣਗੇ।
ਫਿਰ ਕੋਈ ਹੈਂਕੜਬਾਜ਼ ਕਿਵੇਂ
ਲੋਕ ਆਵਾਜ਼ ਨੂੰ ਦਬਾਵੇਗਾ ?
ਕਿਵੇਂ ਕੋਈ ਵਿਹਲੜ ਆਪਣੀ ਗਿੱਦੜਸਿੰਗੀ ਨਾਲ
ਕਿਰਤੀਆਂ ਦੇ ਪਸੀਨੇ ਉਪਰ ਮਹਿਲ ਬਣਾਵੇਗਾ ?
ਨਾ ਕੋਈ ਹੁਕਮ ਕਰੇਗਾ, ਨਾ ਸੁਣੇਗਾ ਕੋਈ
ਇਸ ਧਰਤੀ ਦਾ ਹਰ ਜਾਇਆ ਇੱਕ ਹੋ ਜਾਵੇਗਾ।
ਨਾ ਕੋਈ ਹੱਕ ਮੰਗਦੇ ਲੋਕਾਂ ਤੇ
ਲਾਠੀਆਂ ਦੀ ਝੜੀ ਲਾਏਗਾ।
ਨਾ ਕੋਈ ਪਰਦੇ ਉਹਲੇ ਬੈਠ
ਕਠਪੁਤਲੀ ਨਾਚ ਨਚਾਵੇਗਾ।
ਤਦ ਗ਼ੁਲਾਮੀ ਦਾ ਜੂਲਾ
ਲੋਕਾਂ ਦੇ ਗਲਾਂ ਚੋਂ ਲਹਿ ਜਾਵੇਗਾ।
ਮੇਰੇ ਵਤਨ ਵਾਸੀਓਂ! ਦੁਆ ਕਰਿਓ
ਤੇ ਮੇਰਾ ਸੁਫ਼ਨਾ ਪੂਰਾ ਕਰਿਓ
ਸੋ ਮੈਂ ਫਾਂਸੀ ਦੇ ਰੱਸੇ ਨੂੰ
ਗਲੇ ਲਗਾਉਣ ਜਾ ਰਿਹਾ ਹਾਂ।
ਗੁਲਾਮੀ ਦੀਆਂ ਬੇੜੀਆਂ ਤੋੜਨ ਲਈ
ਆਜ਼ਾਦੀ ਦਾ ਗੀਤ ਗਾ ਰਿਹਾ ਹਾਂ।

◆◆◆



## ਬੁਝਿਆ ਚੇਹਰਾ

**ਜਗਜੀਤ ਸਿੰਘ ਗੁਰਮ**



ਧੁਖਦਾ ਚੁੱਲ੍ਹਾ
ਝੌਂਪੜੀ ਅੰਦਰ
ਬੁਝਿਆ ਚੇਹਰਾ
ਧੂੰਏਂ ਨਾਲ ਭਰੀਆਂ
ਅੱਖਾਂ ਮਲਦਾ
ਅੰਦਰ ਬਾਹਰ ਹੁੰਦਾ
ਕਦੇ ਉਪਰ ਦੇਖਦਾ
ਕਦੇ ਖੇਤਾਂ ਵੱਲ
ਪਾਣੀ ਹੀ ਪਾਣੀ
ਬਾਰਸ਼ ਹੀ ਬਾਰਸ਼
ਡੁੱਬਦੀ ਜਾਂਦੀ ਫਸਲ
ਮੁੱਕਦੀ ਜਾਂਦੀ ਆਸ
ਅੱਖਾਂ ਅੱਗੇ ਆਸ
ਅੱਖਾਂ ਅੱਗੇ ਤਰਦਾ
ਸ਼ਾਹੂਕਾਰ ਦਾ ਕਰਜ਼ਾ।

ਆਪਣੇ ਆਪ ਨਾਲ
ਗੱਲਾਂ ਕਰਦਾ
ਬੁਝਿਆ ਚੇਹਰਾ
ਭੁੱਲ ਗਿਆ ਹੋਣੈ
ਬਾਰਸ਼ ਬੰਦ
ਹੋਣ ਲਈ ਕਹਿਣਾ
ਇੰਦਰ ਦੇਵਤਾ।

ਅੰਦਰੋਂ ਆਵਾਜ਼ ਆਉਂਦੀ
ਨਹੀਂ ਨਹੀਂ
ਭੁੱਲਿਆ ਨਹੀਂ ਹੋਣਾ
ਡੁੱਬ ਗਿਆ ਹੋਣਾ

ਇਹ ਦੇਵਤਾ
ਰਾਸ  ਲੀਲਾ ਵਿੱਚ
ਬੁਝਿਆ ਚੇਹਰਾ
ਅੰਦਰ ਬਾਹਰ ਹੁੰਦਾ
ਅੱਖਾਂ ਅੱਗੇ ਤਰਦਾ
ਸ਼ਾਹੂਕਾਰ ਦਾ ਕਰਜ਼ਾ।
ਤੁਰ ਪੈਂਦਾ
ਝੌਂਪੜੀ ਤੋਂ ਥੋੜੀ ਦੂਰ
ਖੜ੍ਹੇ, ਸੁੱਕੇ ਜਿਹੇ ਦਰੱਖਤ ਵੱਲ
ਸਿਰ ਤੋਂ ਪਰਨਾ ਖੋਲ੍ਹ
ਦਰੱਖਤ ਦੀ ਟਾਹਣੀ ਨਾਲ ਬੰਨਦਾ
ਗੱਠਾਂ ਮਾਰਦਾ
ਗੱਲ 'ਚ ਪਾਉਣ ਦੀ ਕੋਸ਼ਿਸ਼ ਕਰਦਾ
ਨਿਗਾ ਮਾਰਦਾ
ਪਿੱਛੇ ਝੌਂਪੜੀ ਵੱਲ।

ਜਿੱਥੇ ਝੌਂਪੜੀ ਅੱਗੇ
ਨੰਗ ਧੜੰਗੇ
ਭੁੱਖ ਨਾਲ ਵਿਲਕਦੇ ਬਾਲ
ਨਜ਼ਰੀਂ ਪੈਂਦੇ
ਅੰਦਰ ਧੁੱਖਦੇ ਚੁਲ੍ਹੇ ਅੱਗੇ
ਫੂਕਾਂ ਮਾਰਦੀ ਤੀਵੀਂ
ਬਾਰੇ ਸੋਚਦਾ
ਪਰਨਾ ਖੋਲ੍ਹਦਾ
ਖੜ ਸੁੱਕੇ ਦਰੱਖਤ ਨਾਲੋਂ
ਝਟਕਦਾ, ਮੁੜਦਾ
ਖੇਤਾਂ ਤੇ ਨਜ਼ਰ ਸੁੱਟਦਾ
ਝੌਂਪੜੀ ਵੱਲ ਮੁੜਦਾ
ਬੁਝਿਆ ਚੇਹਰਾ
ਅੱਖਾਂ ਅੱਗੇ
ਸ਼ਾਹੂਕਾਰ ਦਾ ਕਰਜ਼ਾ



ਡੁੱਬਦੀ ਫ਼ਸਲ।

ਮ. ਨੰ. 1008/29/2, ਗਲੀ ਨੰ. 8,
ਬਾਲ ਸਿੰਘ ਨਗਰ, ਜੋਧੇਵਾਲ ਬਸਤੀ,
ਲੁਧਿਆਣਾ।
ਮੋਬਾਇਲ. 99147-01668

◆◆◆

## ਅਗਿਆਨ ਦਾ ਨ੍ਹੇਰਾ

ਪ੍ਰਸ਼ੋਤਮ ਪੱਤੋ



ਸੂਰਜ ਦੇ ਲੋਪ ਹੋਣ ਨਾਲ
ਚਾਨਣ ਦੇ ਛੁਪ ਜਾਣ ਕਾਰਣ
ਹੁੰਦਾ ਨਹੀਂ 'ਨ੍ਹੇਰਾ।
'ਨ੍ਹੇਰੇ ਨਾਲੋਂ ਵੀ ਵੱਧ ਮਾਰੂ
'ਅਗਿਆਨ ਦੇ ਨ੍ਹੇਰਾ,
ਤੇ
ਮਨੁੱਖ ਦੀਆਂ ਸੋਚਾਂ ਦਾ ਨ੍ਹੇਰਾ।
ਹਨੇਰੇ ਦੀ ਮਾਰ ਕਾਰਨ
ਰਹਿ ਜਾਂਦੀ ਹੈ ਧਰੀ ਧਰਾਈ,
'ਅੰਬਰ ਦੀ ਉਡਾਣ'
ਕਲਪਨਾਵਾਂ ਤੇ ਵਲਵਲਿਆਂ ਦੀ
ਉੱਚੀ ਲੰਮੀ ਉਡਾਰੀ।
ਨ੍ਹੇਰਾ ਛਟਣ ਦਾ ਨਹੀਂ ਲੈਂਦਾ ਨਾਂਅ,
ਜਿੱਥੇ ਹੈ ਧਰਮਾਂ ਦਾ ਨ੍ਹੇਰਾ,
ਜਾਤਾਂ-ਪਾਤਾਂ, ਖੇਤਰੀ ਵਲਗਣਾ
ਤੇ ਗੋਤ ਦੀ ਹੰਕਾਰ ਦਾ ਨ੍ਹੇਰਾ।
ਅੱਜ ਦੇ ਮਨੁੱਖ ਨੂੰ ਪਵੇਗਾ ਜਾਗਣਾ,
ਖੋਹਲਣੀਆਂ ਪੈਣਗੀਆਂ ਅੱਖਾਂ,
ਤੇ ਹੋਣਾ ਪਵੇਗਾ ਨਵੀਂ ਸਵੇਰ ਦਾ ਹਾਣੀ।

98550-38775

◆◆◆

## ਰੁਬਾਈਆਂ

**ਪ੍ਰਿੰ. ਨਵਰਾਹੀ ਘੁਗਿਆਣਵੀ**
98150-02302

1. ਜੇਕਰ ਤੁਸੀਂ ਲਿਖਾਰੀ ਹੋ ਤਾਂ ਕਹੋ ਚੋਰ ਨੂੰ ਚੋਰ।
ਜਿਸ ਦੇ ਘਰ ਨੂੰ ਸੰਨ੍ਹ ਲੱਗ ਜਾਵੇ, ਕਿਉਂ ਨਾ ਪਾਵੇ ਸ਼ੋਰ ?
ਵੱਡੀ ਸਿਤਮ-ਜ਼ਰੀਫ਼ੀ ਹੈ ਕਿ ਨਿਆਂ-ਤਰਾਜ਼ੂ ਟੁੱਟੇ,
'ਨਵਰਾਹੀ' ਦੰਦ ਬਾਹਰ ਹੋਰ ਨੂੰ ਖਾਣ ਲਈ ਦੰਦ ਹੋਰ!

2. ਲੱਖ ਰੁਪਈਆ ਲੈ ਕੇ ਜਿੱਥੇ ਥਾਪੇ ਜਾਂਦੇ ਆਦਿਲ।
ਹਿੱਕਾਂ ਤਾਣੀ ਫਿਰਦੇ ਜਿੱਥੇ, ਸ਼ਰੇ ਬਾਜ਼ਾਰੀ ਕਾਤਿਲ।
ਓਸ ਦੌਰ ਨੂੰ ਭੋਲਿਆ ਵੀਰਾ, ਰਾਮ ਰਾਮ ਕਿੰਵ ਕਹੀਏ
'ਨਵਰਾਹੀ' ਮਨਫ਼ੀ ਦੇ ਵਿੱਚੋਂ, ਕੀ ਹੋ ਸਕਦਾ ਹਾਸਿਲ ?

3. ਹੱਥਾਂ ਦੇ ਵਿੱਚ ਅੱਟਣ ਪੈ ਗਏ, ਪੈਰਾਂ ਦੇ ਵਿੱਚ ਛਾਲੇ।
ਜੂਝ ਰਿਹਾ ਹੈ ਰਾਹੀ ਐਪਰ ਮੰਜ਼ਿਲ ਮਿਲੀ ਨਾ ਹਾਲੇ।
ਲੰਮੀਆਂ ਵਾਟਾਂ, ਦੂਰ ਕਿਨਾਰਾ, ਹਿੰਮਤ ਅਜੇ ਨਾ ਹਾਰੀ।
'ਨਵਰਾਹੀ' ਵਿਸ਼ਵਾਸ ਦਾ ਚੱਪੂ, ਬੇੜੀ ਉਤਾਂਹ ਉਛਾਲੇ।

**ਨਹਿਰ ਨਜ਼ਾਰਾ**
**ਨਵਾਂ ਹਰਿੰਦਰ ਨਗਰ, ਫਰੀਦਕੋਟ** 151203
**ਮੋਬਾ.** 98150-02302

◆◆◆

## ਹਾਇਕੂ

**ਰਣਜੀਤ ਆਜ਼ਾਦ ਕਾਂਝਲਾ**

ਚਾਰ ਚੁਫ਼ੇਰੇ
ਛਾਇਆ ਘਣਾ ਹਨ੍ਹੇਰਾ
ਕਿੱਥੇ ਲੱਭਾਂ ?
ਮੂੰਹ ਆਈ
ਬਾਤ ਕਹਿ ਲਵਾਂ
ਕੌਣ ਸੁਣੇ ?

ਘਰੋਗੀ ਨਕਸ਼ੇ



ਸੱਭੇ ਹੋਏ ਫੇਲ੍ਹ
ਵੈਦ ਹੈਰਾਨ।

ਰੱਖ ਹੌਂਸਲਾ
ਠੇਲ੍ਹ ਦੇਹ ਬੇੜੀ
ਲੱਗੂ ਕਿਨਾਰੇ!

ਹਰ ਪ੍ਰਾਣੀ
ਸੋਚ ਵਿੱਚ ਘਿਰਿਆ
ਸ਼ਾਂਤੀ ਲੱਭੇ!

ਸੁੱਚੀ ਕਿਰਤ
ਪੈ ਗਈ ਭਾਂਡੇ
ਢਿੱਡੋਂ ਭੁੱਖੇ!

ਤੇਰਾ ਪਿਆਰ
ਜਰ ਨਾ ਹੋਇਆ
ਖੜੇ ਵਿਰੋਧੀ!

ਦੀਵਾ ਜਗਾ
ਹਨ੍ਹੇਰਾ ਦੂਰ ਭਜਾ
ਨੱਚੇ ਰੌਸ਼ਨੀ।

ਕਰਦਾ ਕਾਰ
ਪੱਲ੍ਹੇ ਕੱਖ ਨਹੀਂ
ਕਿਧਰ ਜਾਵੇ ?

ਇਕ ਪ੍ਰਾਹੁਣਾ
ਦੂਜਾ ਦਾਦੇ ਮਗਾਉਣਾ
ਮੱਥਾ ਟੇਕਦਾ!
ਮਾਂ ਗੁਲਾਬੀ
ਦੁੱਧ ਨਾ ਦੇਵੇ
ਪਾਥੀਆਂ ਪੱਥ!

ਪੇਟ ਰੋਟੀ
ਕੌਣ ਪਾਵੇ ਹੁਣ

ਫੈਲੀ ਬੇਕਾਰੀ!

ਕਰ ਇਲਤ
ਦੋਸ਼ ਨਾ ਦੇਹ
ਦੂਜੇ ਨੂੰ।


**ਸ਼ਿਵਪੁਰੀ, ਧੂਰੀ** (ਪੰਜਾਬ), ਮੋ. 094646-27781

◆◆◆

***ਵਿਅੰਗ***

## ਲਵ ਮੈਰਿਜ਼

***ਰਜਿੰਦਰ ਵਰਮਾ***



ਕਾਕਾ ਕਹਿੰਦਾ ਲਵ ਮੈਰਿਜ ਕਰਵਾਉਣੀ ਬਾਪੂ
ਬਿਨਾਂ ਦਹੇਜ ਤੋਂ ਵਹੁਟੀ ਘਰ ਲਿਆਉਣੀ ਬਾਪੂ।
ਪਾਣੀ ਵਾਰਕੇ ਸਿਰ ਉਤੋਂ ਤੂੰ ਪੀ ਲਵੀਂ ਅੰਮੀਏ,
ਕਹਿੰਦਾ ਨਾ ਫੋਕੀ ਟੋਹਰ ਮੈਂ ਬਣਾਉਣੀ ਬਾਪੂ।
ਅੱਕ ਜਾਊਗਾ ਚਿੱਤ ਜਦੋਂ ਰੋਟੀ ਪਾਣੀ ਤੋਂ
ਪੀਜ਼ਾ, ਬਰਗਰ, ਬਰਿਆਨੀ ਘਰ ਲਿਆਉਣੀ ਬਾਪੂ
ਨੂੰਹ ਨੇ ਮਾਡਰਨ ਬਣਾ ਦੇਣੇ ਨੇ ਬਾਪੂ ਅਤੇ ਬੇਬੇ,
ਕਹਿੰਦੀ ਜ਼ੀਨ, ਸਕਰਟ ਮੈਂ ਪਾਉਣੀ ਬਾਪੂੰ।
ਪਾ ਕੇ ਮੋਢੇ ਪਰਸ ਨੌਕਰੀ ਕਰਨ ਜਾਊਂਗੀ ਜਦੋਂ,
ਲਵ ਮੈਰਿਜ਼ ਦੇ ਫਾਇਦੇ ਹੀ ਫਾਇਦੇ ਨੇ ਕਿੰਨੇ,
ਫਾਇਦਿਆਂ ਦੀ ਲੰਮੀ ਲਿਸਟ ਬਣਾਉਣੀ ਬਾਪੂ।
ਨਾ ਮਿਲਣੀ, ਨਾ ਕੋਈ ਚੱਕਰ ਕੰਬਲਾਂ ਦਾ
ਨਾ ਪੈਣੀ ਫਿਰ  ਵੀਡੀਉ ਬਣਾਉਣੀ ਬਾਪੂ
ਨਾ ਸਾਲੀ ਨੇ ਜੁੱਤੀ ਚੁੱਕਣੀ ਜੀਜੇ ਦੀ
ਨਾ ਸਾਲੀ ਨੇ ਰਿਬਨ ਕੋਈ ਕਟਾਉਣੀ ਬਾਪੂ।
ਨਾ ਕੋਈ ਵਾਜਾ, ਨਾ ਕੋਈ ਢੋਲ ਵੱਜੂ ਕਿੱਧਰੇ,
ਨਾ ਕੋਈ ਬਰਾਤ ਸੁਣ ਪੈਣੀ ਲਿਜਾਣੀ ਬਾਪੂ।
ਕਾਕਾ ਕਹਿੰਦਾ ਲਵ ਮੈਰਿਜ਼...
ਕਾਕਾ ਕਹਿੰਦਾ....
ਕਾਕਾ ਕਹਿੰਦਾ....

99142-21910



# ਗ਼ਜ਼ਲ ਸੱਥ

## ਪ੍ਰੋ. ਜਸਵੰਤ ਸਿੰਘ ਕੈਲਵੀ



ਮਜ਼ਦੂਰ ਮਰੇ ਭੁੱਖਾ, ਕਿਰਸਾਨ ਮਰੇ ਭੁੱਖਾ,
ਮੈਂ ਵੇਖ ਰਿਹਾਂ ਏਥੇ, ਇਨਸਾਨ ਮਰੇ ਭੁੱਖਾ।

ਪ੍ਰਸ਼ਾਦ ਮਣਾਂ ਮੂੰਹੀਂ ਮੰਦਰਾਂ 'ਚ ਚੜ੍ਹ  ਐਪਰ
ਛਕ  ਜਾਣ ਪੁਜਾਰੀ ਹੀ, ਭਗਵਾਨ ਮਰੇ ਭੁੱਖਾ।

ਇਸ ਵੋਟ ਸਿਆਸਤ ਨੇ, ਤੂਫ਼ਾਨ ਖੜ੍ਹਾ ਕੀਤਾ,
ਇਨਸਾਫ਼ ਅਦਲ ਵਿਕਦਾ, ਈਮਾਨ ਮਰੇ ਭੁੱਖਾ।

ਸਾਹਿਤ ਤੇ ਕਲਾ ਰੁਲਦੇ, ਨਾ ਇਲਮ ਦੀ ਵੁੱਕਤ ਹੈ,
ਬੇਅਕਲ ਕਰੇ ਮੌਜਾਂ, ਗੁਣਵਾਨ ਮਰੇ ਭੁੱਖਾ।

ਬਾਜ਼ਾਰ ਨੇ ਬੰਦੇ ਨੂੰ, ਲਾਚਾਰ ਬਣਾ ਦਿੱਤਾ,
ਮਦਹੋਸ਼ ਨਸ਼ੇ ਅੰਦਰ, ਗਲਤਾਨ ਮਰੇ  ਭੁੱਖਾ,

ਇਹ ਠੋਸ ਹਕੀਕਤ ਹੈ, ਇਨਕਾਰ ਕਰੇ ਕਿਹੜਾ?
ਕੀ ਯਾਰ ਕਦੇ ਡਿੱਠਾ?  ਸ਼ੈਤਾਨ ਮਰੇ ਭੁੱਖਾ?

ਜੱਸ ਜਾਗ ਪਵੋ, ਉਠੋ! ਵਿਸ਼ਵਾਸ਼ ਕਰੋ ਪੈਦਾ
ਜੋ ਵਕਤ ਪਛਾਣੇ ਨਾ, ਨਾਦਾਨ!  ਓ ਮਰੇ ਭੁੱਖਾ!

◆◆◆

## ਸੁਲੱਖਣ ਸਰਹੱਦੀ

ਜੇ ਮੁੰਡੇ ਹਨ ਟੇਢੀਆਂ ਪੱਗਾਂ
ਹੁੰਦੀਆਂ ਨੇ ਫੁਲਕਾਰੀਆਂ ਕੁੜੀਆਂ।
ਮੁੰਡੇ ਕਿਲ੍ਹੇ ਕੌਮ ਦੇ ਜੇਕਰ,
ਕਿਲ੍ਹਿਆਂ ਵਿੱਚ ਸਰਦਾਰੀਆਂ ਕੁੜੀਆਂ।
ਪਤਲੀਆਂ ਛਮਕਾਂ ਵਾਂਗੂੰ 'ਲੱਗਣ',
ਗੋਭਲ ਫੁੱਲ ਨੇ ਭਾਰੀਆਂ ਕੁੜੀਆਂ,
ਉੱਡਣ ਤਿਤਲੀਆਂ ਰੰਗ ਬਿਰੰਗੀਆਂ,
ਲੱਗਣ ਬਹੁਤ ਪਿਆਰੀਆਂ ਕੁੜੀਆਂ।
ਕਾਲੀਆਂ ਫੁੱਲ ਗੁਲਾਬੀ ਕਾਲੇ,
ਜਿੱਦਾਂ ਫੌਜੀਆਂ ਦੀ ਰੰਮ ਹੋਵੇ।
ਵੱਖ-ਵੱਖ ਸੂਰਤਾਂ ਸੀਰਤ ਇੱਕੋ,
ਇਹਨੇ ਰਾਜ ਦੁਲਾਰੀਆਂ ਕੁੜੀਆਂ।
ਕੁੱਝ ਵੀਰਾਂ ਦੀਆਂ ਮੁੱਛਾਂ ਉੱਤੇ,
ਕੁੱਝ ਪਿਉਆਂ ਦੇ ਤੁਰਲਿਆਂ ਉੱਤੇ,
ਬਣ ਕੇ ਫਿਕਸੋ ਬਣ ਕੇ ਮਾਇਆ
ਟੰਗੀਆਂ ਰਹਿਣ ਵਿਚਾਰੀਆਂ ਕੁੜੀਆਂ।
ਜੀਵਨ ਦਾਤੀਆਂ ਨਾਮ ਹੈ ਮੋਈਆਂ,
ਸਾਵਣ ਵਿੱਚ ਤਿਰਹਾਈਆਂ ਰੋਹੀਆਂ,
ਚੋਰੀ ਦਾ ਗੁੜ, ਦੇਸੀ ਦਾਰੂ
ਲੁਕ ਛਿਪ ਜੀਣ ਕੁਆਰੀਆਂ ਕੁੜੀਆਂ।

**ਪਿੰਡ ਕੋਹਾੜ ਡਾ. ਦੇਹਰੀਵਾਲ ਦਰੋਗਾ**
**ਜ਼ਿਲ੍ਹਾ ਗੁਰਦਾਸਪੁਰ** - 143518

◆◆◆

## ਭਜਨ ਸਿੰਘ ਵਿਰਕ

ਜੇ ਸਮੇਂ ਦਾ ਸੱਚ ਕੁਛ ਨਾ ਬੋਲਦਾ,
ਘਪਲਿਆਂ ਦਾ ਭੇਤ ਕਿਹੜਾ ਖੋਲ੍ਹਦਾ।
ਹਾਕਮਾਂ ਦਾ ਪੀਠਿਆ ਕੀ ਛਾਣਨਾ!
ਨਾ ਕੋਈ ਇਤਬਾਰ ਲੱਕੜੀ ਗੋਲ਼ ਦਾ!!



ਆਸ ਮਰਦੀ ਨਾ ਕਦੇ ਇਨਸਾਫ਼ ਦੀ,
ਦੇਸ਼ ਦਾ ਕਾਨੂੰਨ ਜੇ ਨਾ ਡੋਲਦਾ।
ਉਹ ਕੀ ਸਮਝੇ ਦੂਜਿਆਂ ਦੀ ਪੱਗ ਨੂੰ!
ਲੰਘ ਜਾਂਦੈ ਪੈਰਾਂ ਹੇਠਾਂ ਰੋਲਦਾ!!
ਦੋਸਤਾ, ਓਹ ਰਿਜ਼ਕ ਹੁੰਦੈ ਹਰ ਘੜੀ,
ਬਣ ਸਹਾਰਾ ਆਦਮੀ ਅਨਭੋਲ ਦਾ।
ਉਸ ਨੂੰ ਕੀ ਰੋਕਣਾ ਹੈ ਖ਼ੌਫ਼ ਨੇ,
ਜੋ ਉਡਾਰੀ ਵਾਸਤੇ ਪਰ ਤੋਲਦਾ।
'ਵਿਰਕ' ਨੇ ਹੁਣ ਹਰ ਹਕੀਕਤ ਜਾਣਨੀ,
ਵਰਕਤ ਅਣਫੋਲੇ, ਉਹ ਤਾਂ ਹੀ ਫੋਲਦਾ।

**ਪਿੰਡ ਤੇ ਡਾਕ. ਵਿਰਕ** - 144632
**ਜ਼ਿਲ੍ਹਾ : ਜਲੰਧਰ**

◆◆◆

## ਬਲਵਿੰਦਰ ਬਾਲਮ ਗੁਰਦਾਸਪੁਰ



ਬੜਾ ਉਹ ਚੁਸਤ ਬੰਦਾ ਹੈ, ਓਨ੍ਹੇ ਛੱਡਿਆ ਗਿਲਾ ਵੀ ਨਈਂ।
ਸਲੀਕੇ ਨਾਲ ਉਹ ਕਹਿ ਵੀ ਗਿਆ ਹੈ, ਤੇ ਕਿਹਾ ਵੀ ਨਈਂ।

ਉਹਦੇ ਨੈਣਾਂ ਚ ਸਭ ਕੁਝ ਸੀ ਮਗਰ ਉਹ ਸਫ਼ਰ ਦੇ ਅੰਦਰ,
ਰਿਹਾ ਏਦਾਂ ਉਹ ਮੇਰੇ ਨਾਲ ਜਿੱਦਾਂ ਉਹ ਰਿਹਾ ਵੀ ਨਈਂ।

ਕਈ ਵਾਰੀ ਤਾਂ ਮਜ਼ਬੂਰੀ ਵੀ ਰਸਤਾ ਰੋਕ ਲੈਂਦੀ ਹੈ,
ਓਨੇ ਦਿੱਤਾ ਵੀ ਕੁਝ ਨਈਂ ਸੀ, ਕਿ ਸਾਥੋਂ ਕੁਝ ਲਿਆ ਵੀ ਨਈਂ।

ਉਹ ਹਰਦਮ ਨਾਲ ਹੈ ਸਾਡੇ ਉਹ ਰਹਿੰਦਾ ਦੂਰ ਨਈਂ ਸਾਥੋਂ,
ਜਿਸਮ ਤੋਂਦੂਰ ਹੈ ਬੇਸ਼ੱਕ ਉਹ ਰੂਹ ਤੋਂ ਵਿਛੜਿਆ ਵੀ ਨਈਂ।

ਉਹਦੇ ਕੋਲੋਂ ਜ਼ਰਾ ਪੁੱਛੋ ਕਿ ਮੋਹ ਦੀ ਕਦਰ ਕੀ ਹੁੰਦੀ,
ਜਿਹਦੇ ਸਿਰ ਤੇ ਹਮੇਸ਼ਾਂ ਵਾਸਤੇ ਮਾਤਾ ਪਿਤਾ ਵੀ ਨਈਂ।

ਗਿਆ ਤਾਂ ਫ਼ਿਰ ਗਿਆ ਕਿੱਥੇ, ਇਹੋ ਤਾਂ ਰੋਵਦਾ ਹਾਂ ਮੈਂ,
ਉਹ ਤਾਂ ਏਥੇ, ਰਿਹਾ ਵੀ ਨਈਂ ਏ, ਤੇ ਉਥੇ ਗਿਆ ਵੀ ਨਈਂ।

ਉਨ੍ਹੇ ਕਮਲੇ ਨੇ ਕਾਹਤੋਂ ਸੂਰਜਾਂ ਦੇ ਨਾਲ ਮੋਹ ਪਾਇਆ,
ਜਿਦ ਕੋਈ ਟਿਕਾਣਾ ਨਈਂ , ਪਤਾ ਥਹੁ ਕੀ, ਸਿਰਾ ਵੀ ਨਈਂ।

ਬੜਾ ਭੋਲਾ ਹੈ ਬਾਲਮ ਵੀ, ਇਸ਼ਾਰੇ ਹੀ ਇਸ਼ਾਰੇ ਵਿਚ,
ਉਨ੍ਹੇ ਸਮਝਾ ਕੇ ਵੇਖਿਆ ਏ ਮਗਰ ਉਹ ਸਮਝਿਆ ਵੀ ਨਈਂ।

**ਉਂਕਾਰ ਨਗਰ ਗੁਰਦਾਸਪੁਰ (ਪੰਜਾਬ), ਮੋ. 98156-25409**

◆◆◆

## ਪ੍ਰਤਾਪ ਪਾਰਸ ਗੁਰਦਾਸਪੁਰੀ

ਭੁੱਲਿਆ ਮਹਿਰਮ ਜਦ ਦਾ ਹੀ ਏ ਘਰ ਮੇਰੇ ਦੀਆਂ ਰਾਵ੍ਹਾਂ ਨੂੰ,
ਕਹਿ ਲਈਏ ਦੁੱਖ ਅੰਦਰ ਵੜ੍ਹਕੇ ਗ਼ਜ਼ਲਾਂ ਤੇ ਕਵਿਤਾਵਾਂ ਨੂੰ।
ਮਤਲਬ ਦੇ ਇਹ ਰਿਸ਼ਤੇ ਨਾਤੇ ਹੋ ਗਏ ਅੱਜਕਲ੍ਹ ਦੁਨੀਆਂ ਦੇ,
ਇਕ ਦੂਜੇ ਦਾ ਮੋਹ ਨਹੀਂਏ ਹੁਣ ਯਾਰਾਂ, ਭੈਣ, ਭਰਾਵਾਂ ਨੂੰ।
ਬਾਕੀ ਤਾਂ ਚੱਲ ਮੰਨੀ ਬੰਦਾ ਵੱਸ ਹੈ ਅੱਜ ਹਾਲਾਤਾਂ ਦੇ,
ਬੋਝ ਸਮਝਦੇ ਲੋਕੀ ਰੱਬਾ ਜੰਮਣ ਵਾਲੀਆਂ ਮਾਵਾਂ ਨੂੰ।
ਜਿਹੜੀ ਥਾਂ ’ਤੇ ਸੱਜਣ ਸਾਡੇ ਤੋੜ ਗਏ ਸੀ ਲਾਈਆਂ ਨੂੰ,
ਵੇਖਣ ਨੂੰ ਹੁਣ ਜੀਅ ਨਹੀਂ ਕਰਦਾ ਉਹ ਮਨਹੂਸ ਹੈ ਥਾਵਾਂ ਨੂੰ।
ਜੋ ਉਪਦੇਸ਼ ਸੀ ਦਿੱਤਾ ਓਹਨੂੰ ਅੱਜ ਤੱਕ ਪੱਲੇ ਬੰਨਿਆ ਨਹੀਂ,
ਓਦਾਂ ਬੰਦਾ ਪੂਜੇ ਰਿਸ਼ੀਆਂ-ਮੁਨੀਆਂ ਦੀਆਂ ਖੜਾਵਾਂ ਨੂੰ।
ਕੁੱਖਾਂ, ਰੁੱਖਾਂ, ਉੱਤੇ ਜੇਕਰ ਏਦਾਂ ਕਹਿਰ ਕਮਾਉਂਦੇ ਰਹੇ,
ਹੋ ਜਾਓ ਫੇਰ ਤਿਆਰ ਵੀ ਸਾਰੇ ਭੁਗਤਣ ਲਈ ਸਜ਼ਾਵਾਂ ਨੂੰ।
ਸਿੱਖਾਂ-ਮੱਤਾਂ ਦਿੰਦੇ ਬਾਬੇ ਅਕਸਰ ਬਹਿ ਵਿੱਚ ਸੱਥਾਂ ਦੇ,
ਨਵੀਂ ਪਨੀਰੀ ਮੂੰਹ ’ਤੇ ਕਹਿੰਦੀ ਰੱਖੋ ਕੋਲ ਸਲਾਵਾਂ ਨੂੰ।
ਉਸ ਸੱਜਣ ਲਈ ਇਸ ਤੋਂ ਮਾੜੀ ਹੋਰ ਭਲਾ ਕੀ ਹੋਵੇਗੀ,
ਭੁੱਲ ਜਾਏ ਜੋ ਸੱਜਣ ਕੀਤੀਆਂ ਨਾਲ ਹੱਥਾਂ ਦੇ ਛਾਵਾਂ ਨੂੰ।
ਚਿੜੀਆਂ ਨੂੰ ਵੀ “ਪਾਰਸ” ਥੋੜਾ ਸੋਚ ਵਿਚਾਰ ਤੇ ਕਰਨਾ ਪਊ,
ਆਪ ਨਿਉਂਤੇ ਦੇ ਦੇ ਸੱਦਣ ਆਹਲਣਿਆਂ ਵਿੱਚ ਕਾਵਾਂ ਨੂੰ।

**787/10 ਪ੍ਰੇਮ ਨਗਰ, ਹਰਦੋਛੰਨੀ ਰੋਡ ਗੁਰਦਾਸਪੁਰ**
**ਮੋਬਾਇਲ -09988811681, 08427779155**

◆◆◆



## ਮਹਿੰਦਰ ਮਾਨ

ਸਭ ਕੁਝ ਹੈ ਮਿਲਿਆ ਸਾਨੂੰ ਦਿਲ ਦੀ ਕਿਤਾਬ ਵਿਚੋਂ,
ਕੀ ਓਰੇ ਲੋਕ ਭਾਲਣ ਭੈੜੀ ਸ਼ਰਾਬ ਵਿੱਚੋਂ ?

ਟਹਿਣੀ ਦੇ ਨਾਲ ਹੀ ਖ਼ੁਸ਼ਬੋ ਆਵੇ ਇਸ ਵਿੱਚੋਂ,
ਟਹਿਣੀ ਬਿਨਾਂ ਨਾ ਆਵੇ ਖ਼ੁਸ਼ਬੋ ਗੁਲਾਬ ਵਿਚੋਂ।

ਇਸ ਨੂੰ ਇਹ ਪੜ੍ਹਦੇ ਨਾ ਕੱਲੇ ਬੈਠ ਕੇ, ਲਾ ਕੇ ਦਿਲ,
ਹੁੰਦੇ ਨੇ ਫੇਲ੍ਹ ਬੱਚੇ ਤਾਂ ਹੀ ਹਿਸਾਬ ਵਿੱਚੋਂ।

ਜਦੋਂ ਉਸ ਤੋਂ ਪੁੱਛਿਆ, “ਉਹ ਕਿੱਦਾਂ ਅਮੀਰ ਬਣਿਆ ?”
ਹੰਕਾਰ ਦੀ ਬੋ ਆਈ ਉਸ ਦੇ ਜਵਾਬ ਵਿੱਚੋਂ।

ਸੁੱਕੇ ਤਲਾਬ ਨੂੰ ਤੱਕ ਕੇ ਕਹਿਣ ਇਹ ਪਰਿੰਦੇ,
“ਸਾਨੂੰ ਮਿਲੇਗਾ ਪਾਣੀ ਕਿਹੜੇ ਤਲਾਬ ਵਿੱਚੋਂ ?”

ਸ਼ੈਤਾਨ ਨੇਤਾ ਨੂੰ ਵੇਖੋ ਯਾਰੋ, ਕਿਸ ਤਰ੍ਹਾਂ ਉਹ,
ਉਹ ਆਪ ਜਨਤਾ ਵੇਖੀ ਜਾਵੇ ਨਕਾਬ ਵਿੱਚੋਂ।

ਦਿਲ ਵਿੱਚੋਂ ਕੱਢ ਕੇ ਨਫ਼ਰਤ, ਸਭ ਨੂੰ ਸਮਾਨ ਸਮਝੋ,
ਤਾਂ ਹੀ ਅਸੀਂ ਖ਼ੁਦਾ ਵੇਖਾਂਗੇ ‘ਜਨਾਬ’ ਵਿੱਚੋਂ।

**ਮੁੱਖ ਅਧਿਆਪਕ**
**ਸ.ਹਾ.ਸ. ਰੱਕੜਾਂ ਢਾਹਾਂ**
**ਜ਼ਿਲ੍ਹਾ ਸ.ਭ.ਸ. ਨਗਰ**
99158-03354

◆◆◆

## ਕੁਲਦੀਪ ਕੌਰ ਚੱਠਾ



ਤੇਰੇ ਤੇ ਅਧਿਕਾਰ ਜਮਾਣਾ ਚੰਗਾ ਲੱਗਦੈ।
ਹੱਦੋਂ ਵੱਧ ਕੇ ਪਿਆਰ ਜਤਾਣਾ, ਚੰਗਾ ਲੱਗਦੈ।

ਪਿਆਰਾਂ ਦਾ ਇਹ ਤਾਣਾ ਬਾਣਾ ਚੰਗਾ ਲੱਗਦੈ।
ਖ਼ੁਦ ਵੀ ਖਿਝਣਾ ਨਾਲ ਖਿਝਾਣਾ ਚੰਗਾ ਲੱਗਦੈ।

ਕਿਸੇ ਗਕੱਲ ਤੇ ਰੁੱਸ ਰੁੱਸ ਬਹਿਣਾ ਐਵੇਂ ਹੀ
ਐਵੇਂ ਹੀ ਫਿਰ ਮੰਨ ਵੀ ਜਾਣਾ ਚੰਗਾ ਲੱਗਦੈ।

ਜਾਣਦਿਆਂ ਵੀ ਬਣ ਬਹਿਣਾ ਅਨਜਾਣ ਜਦੋਂ ਮੈਂ
ਲਾਡ ਨਾਲ ਤੇਰਾ ਸਮਝਾਣਾ ਚੰਗਾ ਲੱਗਦੈ।

ਤੁਰਨਾ ਫਿਰਨਾ 'ਕੱਠੇ ਤੇ ਗੱਲਾਂ ਮਾਰਨੀਆਂ
'ਕੱਠੇ ਬਹਿ ਕੇ ਪੀਣਾ ਖਾਣਾ ਚੰਗਾ ਲੱਗਦੈ।

ਸ਼ੀਸ਼ੇ ਸਾਹਵੇਂ ਬਹਿਕੇ ਤੈਨੂੰ ਨਾਲ ਬਿਠਾ ਕੇ
ਤਕਣਾ ਤੈਨੂੰ ਫਿਰ ਸ਼ਰਮਾਣਾ ਚੰਗਾ ਲੱਗਦੈ।

ਮੈਨੂੰ ਪਤਾ ਹੈ ਅਜਮਾਇਸ਼ ਚੰਗੀ ਨਹੀਂ ਹੁੰਦੀ
ਕਦੇ ਕਦੇ ਲੇਕਿਨ ਅਜਮਾਣਾ ਚੰਗਾ ਲੱਗਦੈ।

ਤੇਰੇ ਸਾਹਵੇਂ 'ਚੱਠਾ, ਉਸਤਤ ਹੋਰ ਦੀ ਕਰਕੇ,
ਪਾਣੀ ਦੇ ਵਿੱਚ ਅੱਗ ਲਗਾਣਾ ਚੰਗਾ ਲੱਗਦੈ।


**ਪਿੰਡ ਗੋਬਿੰਦਪੁਰਾ**
**ਤਹਿ, ਡਾਕ ਪਾਇਲ,**
**ਜ਼ਿਲ੍ਹਾ ਲੁਧਿਆਣਾ**


◆◆◆



## ਸੁਖਵਿੰਦਰ ਸਿੰਘ ਲੋਟੇ

ਭੋਥਾ ਬੰਨ੍ਹਾਂ ਪੈਂਟਾਂ ਪਾਵਾਂ, ਤੈਨੂੰ ਕੀ ?
ਵਾਲ਼ ਕਟਾਵਾਂ ਪੱਗ ਸਜਾਵਾਂ, ਤੈਨੂੰ ਕੀ ?

ਘੁੱਟ ਕੇ ਲਾ ਕੇ ਮਸਤੀ ਮੈਨੂੰ ਚੜ੍ਹਦੀ ਏ,
ਬੀਨ ਵਜਾਵਾਂ ਸੱਪ ਨਚਾਵਾਂ, ਤੈਨੂੰ ਕੀ ?

ਪਿਆਰ 'ਚ ਬਾਜ਼ੀ ਜਿੱਤੀ, ਦੁਨੀਆਂ ਮਨਦੀ ਏ,
ਖ਼ੂਨ 'ਚ ਭਿੱਜੇ ਖ਼ੱਤ ਸੁਣਾਵਾਂ, ਤੈਨੂੰ ਕੀ ?

ਤੇਰੇ ਘਰ ਤਾਂ ਏ.ਸੀ. ਕੂਲਰ ਚੱਲਦੇ ਨੇ,
ਪੱਖੀ ਝੱਲਾਂ ਬਾਲ ਖਿਡਾਵਾਂ, ਤੈਨੂੰ ਕੀ ?

ਮਹਿਲ ਚੁਬਾਰੇ ਮੇਰੇ ਮਨ ਨੂੰ ਭਾਉਂਦੇ ਨਾ,
ਭੁੰਜੇ ਸੌਂਵਾਂ ਪੱਤ ਵਿਛਾਵਾਂ, ਤੈਨੂੰ ਕੀ ?

ਗੀਤ ਚਲਾਉਣੇ ਖ਼ਾਤਰ ਪਾਪੜ ਵੇਲਣ ਉਹ,
ਗੀਤਾਂ ਨੂੰ ਮੈਂ ਤੜਕੇ ਲਾਵਾਂ, ਤੈਨੂੰ ਕੀ ?

'ਲੋਟੇ' ਨੇ ਹੈ ਨਾਮ ਕਮਾਉਣਾ ਵੇਖੀ ਚਲ,
ਏਦਾਂ ਗਾਵਾਂ ਓਦਾਂ ਗਾਵਾਂ, ਤੈਨੂੰ ਕੀ ?


**#319/2, ਪ੍ਰੀਤ ਵਿਹਾਰ ਕਲੋਨੀ**
**ਧੂਰੀ** - 148024
ਮੋ. 094177-73277


◆◆◆

# ਗੀਤ ਪਟਾਰੀ

## ਇੱਕ ਚਿੱਠੀ ਪਾ ਦੇ...

ਇੱਕ ਚਿੱਠੀ ਪਾ ਦੇ...
ਜਦੋਂ ਦੀ ਤੇਰੇ ਲੜ ਲਾਈ ਵੇ ਢੋਲਣਾ
ਇੱਕ ਚਿੱਠੀ ਵੀ ਨਾ ਪਾਈ ਵੇ ਢੋਲਣਾ,
ਸਰਹੱਦਾਂ ਉਤੇ ਖੜ੍ਹ ਗਿਆ ਤਾਣ ਬੰਦੂਕਾਂ ਵੇ..
ਇੱਕ ਚਿੱਠੀ ਪਾ ਦੇ...
ਸਾਂਭ-ਸਾਂਭ ਕੇ ਰੱਖੂ ਵਿੱਚ ਸੰਦੂਕਾਂ ਵੇ, ਇੱਕ ਚਿੱਠੀ...
ਅੱਖਰ-ਅੱਖਰ ਨਾਲ ਕਰੂੰਗੀ ਗੱਲਾਂ,
ਦਿੱਲ ਦੇ ਉੱਠਣੀਆਂ, ਪਿਆਰ ਦੀ ਛੱਲਾਂ,
ਅੰਡਰ ਲਾਈਨ ਮੈਂ ਕਰ ਕੇ ਰੱਖੂ,
ਪਿਆਰ ਦੀਆਂ ਟੂਕਾਂ ਵੇ-ਇੱਕ ਚਿੱਠੀ...
ਸਾਉਣ ਮਹੀਨੇ ਕੁੜੀਆਂ ਜੁੜੀਆਂ
ਪੀਘਾਂ ਝੂਟ ਕੇ ਓਹਨੇ ਮੁੜੀਆਂ,
ਤੇਰੇ ਬਿਨ ਵੇ ਕਾਹਦਾ ਸਾਵਣ,
ਵਾਂਗ ਪਪੀਹੇ ਕੂਕਾਂ ਵੇ-ਇੱਕ ਚਿੱਠੀ...
ਨੋਟਾਂ ਦੀਆਂ ਜੋ ਆਈਆਂ ਥਈਆਂ
ਵਿੱਚ ਬੰਦੂਕ ਉਹਨੇ ਪਈਆਂ
ਨੋਟਾਂ ਨੂੰ ਦੱਸ ਕਰਨਾ ਕੀ ਮੈਂ,
ਮੱਚੂ ਬਣ ਭੰਬੂਕਾ ਵੇ-ਇੱਕ ਚਿੱਠੀ
"ਰੋਜ਼ ਤੱਕਣੀਆਂ ਤੇਰੀਆਂ ਰਾਹਾਂ,
ਕਦ ਪਾਏਂਗਾ ਮਾਣ ਗਲ ਬਾਹਾਂ,
ਵਾਂਗ ਨਾਗਨੀ ਚਾਰ ਚੁਫ਼ੇਰੇ
ਜਿੱਧਰ ਦੇਖਾਂ ਓਧਰ ਸੂਕਾਂ ਵੇ-ਇੱਕ ਚਿੱਠੀ....
ਇੱਕ ਚਿੱਠੀ ਪਾ ਦੇ
ਸਾਂਭ-ਸਾਂਭ ਕੇ ਰੱਖੂ, ਵਿੱਚ ਸੰਦੂਕਾਂ ਵੇ
ਇੱਕ ਚਿੱਠੀ.....

**ਰਾਜਿੰਦਰ ਵਰਮਾ**
99142-21910



## ਐਨਾ ਵੀ ਨਹੀਂ ਮਾਣ ਹੁੰਦਾ

ਐਨਾ ਵੀ ਨਹੀਂ ਮਾਣ ਹੁੰਦਾ ਸੋਹਣਿਆ ਵੇ ਚੰਗਾ
ਕਦੇ ਗਲੀਆਂ ਤੇ ਕੱਖਾਂ ਦੀ ਲੋੜ ਪੈ ਜਾਂਦੀ ਏ...
ਜਿਹੜੀ ਦੌਲਤ ਤੇ ਸ਼ੋਹਰਤ ਦਾ ਮਾਣ ਤੂੰ ਏ ਕਰਦਾ
ਜਾਂਦੀ ਨਹੀਓਂ ਨਾਲ, ਸਾਰੀ ਏਥੇ ਰਹਿ ਜਾਂਦੀ ਏ...

ਰਾਵਣ ਜੇ ਦੁਨੀਆਂ ਤੋਂ ਕਈ ਤੁਰ ਗਏ
ਜਿਹਡੇ ਆਖਦੇ ਸੀ ਆਪਾਂ ਨਹੀਓ ਕਦੇ ਮਰਨਾ
ਸਿਕੰਦਰ ਜੇਹੇ ਅੰਤ ਖਾਲੀ ਮੁੜ ਗਏ
ਜਿਹੜੇ ਚਾਹੁੰਦੇ ਸੀ ਦੁਨੀਆਂ ਤੇ ਰਾਜ ਕਰਨਾ
ਸੁਣੀ ਰੱਬ ਦੀ ਬਣਾਈ ਹੋਈ ਕੋਈ ਵੀ ਐ ਸ਼ੈਅ
ਓਹ ਸੱਚ ਜਾਣੀ ਇਕ ਦਿਨ ਢਹਿ ਜਾਂਦੀ ਏ
ਐਨਾ......

ਓ ਬਹੁਤੇ ਪੈਸੇ ਵਾਲੇ ਰੋਟੀ ਸੋਨੇ ਦੀ ਨੀ ਖਾਂਦੇ
ਰੋਟੀ ਤਾਂ ਜੀ ਰੋਟੀ ਹੁੰਦੀ ਸਾਰੇ ਖਾਂਦੇ ਨੇ
ਕੋਈ ਚੰਗੇ ਪਾ ਲਵੇ ਤੇ ਕੋਈ ਮਾੜੇ ਪਾ ਲਵੇ
ਤਨ ਢੱਕਣ ਲਈ ਕੱਪੜੇ ਤਾਂ ਸਾਰੇ ਪਾਂਦੇ ਨੇ.....
ਦੋ ਨੰਬਰੀ ਕਮਾਈ ਇਹ ਜਿਸ ਤਰ੍ਹਾਂ ਆਵੇ
ਓਸੇ ਤਰ੍ਹਾਂ ਮਿੱਤਰਾਂ ਵੇ ਵਹਿ ਜਾਂਦੇ ਨੇ....
ਐਨਾ......

ਕਫ਼ਨ ਨੂੰ ਕਦੇ ਕੋਈ ਜੇਬ ਨਹੀਓਂ ਹੁੰਦੀ
ਲੋਕੀਂ ਪੈਸੇ ਪਿੱਛੇ ਮਰੂ-ਮਰੂ ਕਰੀ ਜਾਂਦੇ ਨੇ
ਸਭ ਮਾਨਸ ਜਾਤ ਇੱਕ 'ਬਾਣੀ' ਦੱਸਦੀ ਤੇ
ਲੋਕੀਂ ਜਾਤਾਂ ਪਿੱਛੇ ਲੜ-ਲੜ ਮਰੀ ਜਾਂਦੇ ਨੇ
'ਮੇਘੀ ਲਖਨ' ਦੀ ਕਲਮ ਨਾ ਝੂਠ ਬੋਲਦੀ
ਇਹ ਮੂੰਹ ਉੱਤੇ ਸੱਚੀ ਗੱਲ੍ਹ ਕਹਿ ਜਾਂਦੀ ਏ
ਐਨਾ ਵੀ ਨਹੀਂ ਮਾਣ.....

**ਲਖਨ ਮੇਘੀਆਂ, ਗੁਰਦਾਸਪੁਰ**
ਮੋ. 7837751034

# ਮਿੰਨੀ ਕਹਾਣੀਆਂ

## ਗਿਟਮਿਟ

**ਰਘਬੀਰ ਸਿੰਘ ਮਹਿਮੀ**

"ਡਾਕਟਰ ਸਾਹਿਬ! ਕੀ ਹੋਇਆ?" ਸਾਰੇ ਪਰਿਵਾਰ ਦੀ ਉਤਸੁਕਤਾ ਡਾਕਟਰ ਵੱਲੋਂ ਕੋਈ ਚੰਗੀ ਖ਼ਬਰ ਸੁਣਨ ਲਈ ਬੇਤਾਬ ਸੀ।

" ਥੋੜਾ ਕੇਸ ਤਾਂ, ਉਲਝ ਗਿਆ ਬਈ। ਹੁਣ ਤਾਂ ਦੋਵਾਂ 'ਚੋਂ ਇਕ ਜਣਾ ਹੀ ਬਚ ਸਕਦਾ ਹੈ ਬੱਚਾ ਜਾਂ ਜੱਚਾ, ਤੁਸੀਂ ਦੱਸੋ ਕੀ ਚਾਹੁੰਦੇ ਹੋ?" ਡਾਕਟਰ ਦੇ ਬੋਲਾਂ ਤੋਂ ਸਭ ਚਿੰਤਾਤਰ ਹੋ ਗਏ।

"ਜਲਦੀ ਦੱਸੋ, ਸੋਚਣ ਦਾ ਸਮਾਂ ਨਹੀਂ?" ਡਾਕਟਰ ਨੇ ਦੁਹਰਾਇਆ।

"ਡਾਕਟਰ ਜੀ, ਮੇਰੀ ਧੀ ਨੂੰ ਬਚਾਓ ਲਉ, ਇਹ ਜਿਉਂਦੀ ਰਹੀ, ਬੱਚਾ ਅਗਲੀ ਵਾਰ ਹੋ ਜਾਏਗਾ।"" ਜੱਚਾ ਦੀ ਮਾਂ ਨੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਆਖਿਆ।

"ਡਾਕਟਰ ਸਾਹਿਬ, ਇਹ ਤਾਂ ਦੱਸੋ ਮੁੰਡਾ ਹੈ ਜਾਂ ਕੁੜੀ?" ਜਚਾ ਦੇ ਪਿਤਾ ਨੇ ਸਵਾਲ ਕੀਤਾ।

"ਕੁੜੀ!" ਡਾਕਟਰ ਨੇ ਆਖਿਆ।

ਡਾਕਟਰ ਦੇ ਨਾਲ ਨਾਲ ਜੱਚਾ ਦੀ ਸੱਸ ਵੀ ਵਾਰਡ ਵਿੱਚ ਚਲੀ ਗਈ। ਫੇਰ ਪਤਾ ਨਹੀਂ ਇਸ ਨੇ ਡਾਕਟਰ ਨਾਲ ਕੀ ਗਿਟਮਿਟ ਕੀਤੀ ਕਿ ਕੁਝ ਸਮੇਂ ਬਾਅਦ ਜੱਚਾ ਤੇ ਬੱਚਾ ਦੋਵਾਂ ਦੀਆਂ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਗਈਆਂ।

**220-ਗਰੀਨ ਪਾਰਕ ਕਲੋਨੀ**
**ਸਰਹਿੰਦ ਰੋਡ, ਪਟਿਆਲਾ**-141004
**ਮੋਬਾ.** 96460-24321

◆◆◆



## ਤੋਤਾ

**ਭੀਮ ਸਿੰਘ ਗਰਚਾ**

"ਉਇ ਕੌਣ ਏਂ ਤੂੰ? ਪੁਲਿਸ ਦਾ ਇੱਕ ਹੌਲਦਾਰ ਇਕ ਮਾੜਚੂ ਜਿਹੇ ਬੰਦੇ ਕੋਲ ਰੁਕਦਾ ਹੋਇਆ ਬਹੁਤ ਹੀ ਰੋਅਬ ਨਾਲ ਬੋਲਿਆ- "ਤੂੰ ਉਸ ਦੁਕਾਨਦਾਰ ਨੂੰ ਅਵਾ-ਤਵਾ ਕਿਉਂ ਬੋਲੀ ਜਾਨੈਂ? ਤੇਰਾ ਉਸ ਨਾਲ ਕੀ ਰੌਲੈ?"

ਉਹ ਬੰਦਾ ਝੱਟ ਬੋਲਿਆ - "ਮੇਰਾ ਨਾਂਅ ਤੋਤਾ ਐ ਜੀ ਤੇ ਮੈਂ ਆਹ ਲਾਗਲੇ ਪਿੰਡ ਹਿੰਮਤਪੁਰੇ ਦਾ ਰਹਿਣ ਵਾਲਾ ਹਾਂ। ਮੈਂ ਤਾਂ ਜੀ ਬਹੁਤ ਹੀ ਗਰੀਬ ਬੰਦਾ ਹਾਂ। ਮੈਂ ਇਸ ਦੁਕਾਨਦਾਰ ਦੀ ਪੂਰੇ ਅੱਠ ਮਹੀਨੇ ਨੌਕਰੀ ਕੀਤੀ ਐ। ਪਰ ਅੱਜ ਇਸ ਨੇ ਮਾੜੀ ਜਿਹੀ ਗੱਲ ਤੇ ਹੀ ਮੈਨੂੰ ਧੱਕੇ ਮਾਰਕੇ ਆਪਣੀ ਦੁਕਾਨ 'ਚੋਂ ਬਾਹਰ ਕੱਢ ਦਿੱਤੈ। ਨਾਲੇ ਇਸ ਮਹੀਨੇ ਦੀ ਤਨਖਾਹ ਦੇਣ ਵੇਲੇ ਇਸ ਨੇ ਮੇਰੇ ਪੂਰੇ ਪੰਜ ਸੌ ਰੁਪਏ ਕੱਟ ਲਏ ਨੇ।" ਫਿਰਉਹ ਉਥੇ ਭੁੰਜੇ ਹੀ ਚੌਂਕੜੀ ਮਾਰਕੇ ਬੈਠਦਾ ਹੋਇਆ ਤੁਰੰਤ ਬੋਲਿਆ "ਮੈਂ ਤਾਂ ਜੀ ਅੱਜ ਇਸਦੀ ਦੁਕਾਨ ਦੇ ਸਾਹਮਣੇ ਇੱਥੇ ਹੀ ਮਰਨ ਵਰਤ ਰੱਖ ਲੈਣੈ। ਜਦੋਂ ਤੱਕ ਇਹ ਮੇਰੀ ਇਸ ਮਹੀਨੇ ਦੀ ਪੂਰੀ ਤਨਖਾਹ ਨਹੀਂ ਦਿੰਦਾ, ਉਦੋਂ ਤੱਕ ਮੈਂ ਇਥੋਂ ਹਿੱਲਾਂਗਾ ਵੀ ਨਹੀਂ।"

"ਗੱਲ ਸੁਣ ਉਇ," ਹੌਲਦਾਰ ਦੁਕਾਨ ਦੇ ਨੇੜੇ ਜਾ ਕੇ ਦੁਕਾਨਦਾਰ ਨੂੰ ਬਹੁਤ ਹੀ ਤੱਤੀ ਜਿਹੀ ਆਵਾਜ਼ 'ਚ ਆਖਣ ਲੱਗਾ -"ਤੂੰ ਆਪਣੇ ਨੌਕਰ ਨੂੰ ਇਸ ਮਹੀਨੇ ਦੀ ਪੂਰੀ ਤਨਖਾਹ ਕਿਉਂ ਨਹੀਂ ਦਿੱਤੀ?"

ਦੁਕਾਨਦਾਰ ਨੇ ਚੁਪ ਚੁਪੀਤੇ ਹੀ ਗੱਲੇ 'ਚੋਂ ਸੌ ਸੌ ਦੇ ਨੋਟ ਕੱਢ ਕੇ ਹੌਲਦਾਰ ਨੂੰ ਪਕੜਾ ਦਿੱਤੇ। ਹੌਲਦਾਰ ਕਾਹਲੀ ਨਾਲ ਤੋਤੇ ਕੋਲ ਆਇਆ ਤੇ ਉਸ ਦੇ ਬੈਠੇ ਦੇ ਹੀ ਜ਼ੋਰ ਨਾਲ ਢੂਹੀ 'ਚ ਲੱਤ ਮਾਰਦਾ ਹੋਇਆ ਉਹ ਬੱਦਲ ਵਾਂਗ ਗਰਜਿਆ- "ਸਾਲਿਆ ਤੂੰ ਤਾਂ ਬੜਾ ਹੀ ਝੂਠ ਬੋਲਦੈਂ। ਦੁਕਾਨਦਾਰ ਤਾਂ ਬਹੁਤ ਹੀ ਭਲਾਮਾਣਸ ਬੰਦਾ ਐ। ਇਹੋ ਜਿਹਾ ਬੰਦਾ ਤਾਂ ਕਿਸੇ ਨਾਲ ਧੋਖਾ ਕਰ ਹੀ ਨਹੀਂ ਸਕਦੈ। ਤੂੰ ਉਠਕੇ ਹੁਣੇ ਹੀ ਆਪਣੇ ਪਿੰਡ ਨੂੰ ਵਗਜਾ, ਨਹੀਂ ਤਾਂ ਥਾਣੇ ਲਿਜਾਕੇ ਸਾਲੇ ਨੂੰ ਦੋ ਕਿੱਲੋ ਭੁੱਕੀ ਦੇ ਕੇਸ ਵਿੱਚ...।"

ਹੁਣ ਤੋਤਾ ਆਪਣੇ ਪਿੰਡ ਵੱਲ ਨੂੰ ਭੱਜਿਆ ਹੀ ਨਹੀਂ, ਸਗੋਂ ਉਡਿਆ ਹੀ ਜਾ ਰਿਹਾ ਸੀ।

**ਪਿੰਡ - ਰਾਏਪੁਰ ਰਾਜਪੂਤਾਂ ਡਾਕ-ਬੀਜ਼ਾ** (ਲੁਧਿਆਣਾ)
**ਸੰਪਰਕ** 98143-51394

◆◆◆

# ਮੰਗਲ ਸੂਤਰ

**ਸੁਖਚੈਨ ਸਿੰਘ ਭੰਡਾਰੀ**

ਉਹ ਸ਼ਰਾਬੀ ਸੀ। ਸ਼ਰਾਬ ਉਸ ਨੂੰ ਵਿਰਾਸਤ ਵਿੱਚ ਮਿਲੀ ਸੀ। ਇਹ ਵਿਰਾਸਤ ਉਸ ਦੇ ਬਾਪ ਨੂੰ, ਉਸ ਦੀ ਬਾਪ ਤੋਂ ਹਾਸਿਲ ਹੋਈ ਸੀ ਤੇ ਉਸਦੇ ਬਾਪ ਨੂੰ ਉਸ ਦੇ ਬਾਪ-ਦਾਦਾ ਦੀ ਪੀੜ੍ਹੀ ਦਰ ਪੀੜ੍ਹੀ ਤੋਂ। ਸ਼ਾਇਦ ਸ਼ਰਾਬ ਦਾ ਉਸ ਖ਼ਾਨਦਾਨ ਨਾਲ ਲਹੂ ਦਾ ਰਿਸ਼ਤਾ ਸੀ। ਤਾਂ ਹੀ ਸੈਂਕੜੇ ਸਾਲਾਂ ਤੋਂ ਉਹਨਾਂ ਦੇ ਘਰ ਉਹ ਵੱਸੀ ਆ ਰਹੀ ਸੀ।

ਬੀਵੀ ਨੇ ਲੱਖ ਚਾਹਿਆ ਕਿ ਉਹ ਜੇਕਰ ਇਸ ਬਿਮਾਰੀ ਨੂੰ ਛੱਡ ਨਹੀਂ ਸਕਦਾ ਤਾਂ ਘੱਟ ਤੋਂ ਘੱਟ ਥੋੜ੍ਹੀ ਹੀ ਪੀਆ ਕਰੇ। ਪਰ ਬੀਵੀ ਦੀ ਚਾਹਤ ਸ਼ਰਾਬ ਦੀਆਂ ਬੋਤਲਾਂ ਵਿਚ ਸੁਲਗ਼ਦੀ ਰਹੀ। ਤੇ ਇਥੋਂ ਤੱਕ ਕਿ ਘਰ ਦੀਆਂ ਬਹੁਤ ਸਾਰੀਆਂ ਚੀਜ਼ਾਂ, ਉਹਨਾਂ ਬੋਤਲਾਂ ਵਿੱਚ ਸਮਾਈ ਸ਼ਰਾਬ ਰੂਪੀ ਡੈਣ ਨੇ ਪੀ ਲਈਆਂ। ਪਤਨੀ ਦੇ ਸਾਰੇ ਗਹਿਣੇ ਵਿਕ ਗਏ। ਪਤੀ ਫਿਰ ਵੀ ਪੀ ਰਿਹਾ ਸੀ....।

ਤੇ ਆਖ਼ਿਰ ਸੱਠਾਂ ਤੱਕ ਪਹੁੰਚਦਿਆਂ-ਪਹੁੰਚਦਿਆਂ ਇਕ ਦਿਨ ਖਾਵੰਦ ਖੂਨ ਦੀਆਂ ਉਲਟੀਆਂ ਕਰਦਾ ਹੋਇਆ, ਆਪਣੇ ਪੀੜ੍ਹੀ-ਦਰ ਪੀੜ੍ਹੀ ਪੀਣ ਵਾਲੇ ਪਿਓ-ਦਾਦਿਆਂ ਦੀ ਦੁਨੀਆਂ ਵਿੱਚ ਸਮਾ ਗਿਆ। ਪਤਨੀ ਨੇ ਪਤੀਵਰਤਾ ਧਰਮ ਦਾ ਪਾਲਣ ਕਰਦਿਆਂ ਹੋਇਆਂ ਆਪਣਾ ਮੰਗਲ ਸੂਤਰ ਵੇਚਕੇ ਪਤੀ ਦੇ ਕਿਰਿਆ ਕਰਮ ਤੇ ਲਾ ਦਿੱਤਾ। ਇਸ 'ਤੇ ਗੁਆਂਢਣ ਨੇ ਪੁੱਛ ਹੀ ਲਿਆ-"ਹਾਏ ਹਾਏ ਹਨੇਰ ਸਾਈਂ ਦਾ! ਨੀਂ ਤੂੰ ਮੰਗਲ ਸੂਤਰ ਵੀ ਵੇਚ ਦਿੱਤਾ?" ਉਸ ਨੇ ਇਕ ਵਾਰ ਆਪਣੀਆਂ ਸੱਖਣੀਆਂ-ਸੱਖਣੀਆਂ ਅੱਖਾਂ ਨਾਲ ਆਸਮਾਨ ਵੱਲ ਦੇਖਿਆ ਤੇ ਫਿਰ ਠੰਡਾ ਸਾਹ ਭਰਕੇ ਬੋਲੀ- "ਸ਼ਾਇਦ ਇਹ ਇਸੇ ਲਈ ਬਚਿਆ ਸੀ।"

**ਆਰੀਆ ਸਮਾਜ ਰੋਡ,**
**ਸਿਰਸਾ** (ਹਰਿਆਣਾ)। 25055
**ਸੰਪਰਕ** - 94660-02336

◆◆◆



# ਇਨਸਾਨੀਅਤ

**ਲਖਵੀਰ ਨਡਾਲੀ**

ਪ੍ਰੀਤ ਇਲਾਕੇ ਦਾ ਅਗਾਂਹ ਵਧੂ ਜਿੰਮੀਦਾਰ, ਵੱਡੇ-ਵੱਡੇ ਲੋਕਾਂ ਨਾਲ ਬਹਿਣ-ਖਲੋਣ, ਪਰ ਦਿਲ ਦਾ ਛੋਟਾ।

10 ਏਕੜ ਅੰਬਾਂ ਦਾ ਬਾਗ ਮੇਨ ਸੜਕ ਨਾਲ ਲਗਦਾ ਸੀਜਣ ਹੋਣ ਕਾਰਨ ਪੱਕੇ ਸੁਨਹਿਰੀ ਅੰਬ ਟਹਿਣੀਆਂ ਨਾਲ ਲੱਗੇ ਸੋਹਣੇ ਲਗ ਰਹੇ ਸਨ।

ਤੇਜ ਹਵਾ ਦਾ ਝੋਕਾ ਆਉਣ ਕਰਕੇ ਕੁਝ ਪੱਕੇ ਅੰਬ ਟਹਿਣੀ ਨਾਲੋਂ ਟੁਟ ਕੇ ਸੜਕ ਕਿਨਾਰੇ ਡਿੱਗ ਪਏ, ਹਾਲੇ ਅੰਬ ਚੁਕ ਕੇ ਤੁਰਿਆ ਹੀ ਸੀ ਕਿ ਪ੍ਰੀਤੇ ਦੇ ਨੌਕਰ ਰਾਮੂ ਨੇ ਦੇਖ ਲਿਆ ਅਤੇ ਅੰਬ ਵਾਪਿਸ ਕਰਨ ਲਈ ਕਿਹਾ। ਪਰ ਸ਼ੈਰੂ ਨੇ ਅੰਬ ਵਾਪਿਸ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਜਦ ਉਹ ਦੋਵੇਂ ਆਪਸ ਵਿੱਚ ਬਹਿਸ ਰਹੇ ਸਨ ਕਿ ਪ੍ਰੀਤਾ ਆਪਣੀ ਕਾਰ ਵਿਚੋਂ ਨਿਕਲ ਕੇ ਸ਼ੈਰੂ ਕੰਮੀ ਨੂੰ ਪੁੱਛਣ ਲੱਗਾ ਕਿ ਤੇਰੇ ਥੇਲੇ ਵਿੱਚ ਕੀ ਏ। ਸ਼ੈਰੂ ਨੇ ਤਰਲਾ ਜਿਹਾ ਲੈਂਦੇ ਕਿਹਾ, "ਅੰਬ ਨੇ ਜਨਾਬ ਸੜਕ ਦੇ ਕਿਨਾਰੇ ਤੋਂ ਚੁੱਕ ਲਏ" ਜਦ ਪ੍ਰੀਤੇ ਨੇ ਸ਼ੈਰੂ ਕੰਮੀ ਦੇ ਥੈਲੇ ਵਿੱਚ ਅੰਬ ਦੇਖੇ ਤਾਂ ਗੁੱਸੇ ਵਿੱਚ ਲਾਲ-ਪੀਲਾ ਹੋ ਕੇ ਬੋਲਿਆ "ਸੜਕ ਤੇਰੇ ਪਿਓ ਦੀ ਏ ਤੂੰ ਅੰਬ ਚੋਰੀ ਕੀਤੇ ਨੇ।" ਪ੍ਰੀਤੇ ਨੇ ਸ਼ੈਰੂ ਕਮੀ ਦੇ ਤਰਲੇ ਮਿੰਨਤਾ ਕਰਨ ਤੇ ਵੀ ਉਸ ਨੂੰ ਹਵਾਲਾਤ ਵਿੱਚ ਬੰਦ ਕਰਵਾ ਦਿੱਤਾ। ਆਖਰਕਾਰ ਸ਼ੈਰੂ ਨੂੰ ਅੰਬ ਚੋਰੀ ਕਰਨ ਦੇ ਜੁਰਮ ਵਿੱਚ 3 ਮਹੀਨੇ ਦੀ ਸਜ਼ਾ ਕੱਟਣੀ ਪਈ।

ਅੱਜ ਪ੍ਰੀਤੇ ਦੀ ਬੇਟੀ ਭੋਲੀ-ਦਾ ਵਿਆਹ ਸੀ, ਪੈਲਸ ਵੀ ਵਧੀਆ ਢੰਗ ਨਾਲ ਸਜਾਇਆ ਗਿਆ। ਸੈਂਕੜੇ ਲੋਕ ਖਾ-ਪੀ ਰਹੇ ਸਨ। ਸ਼ਰਾਬ ਦਾ ਵੀ ਦੌਰ ਚਲਿਆ। ਪ੍ਰੀਤੇ ਨੇ ਆਪਣੀ ਬੇਟੀ ਦੇ ਵਿਆਹ ਤੇ ਲੱਖਾਂ ਰੁਪਏ ਲਾ ਦਿੱਤੇ। ਸਭ ਲੋਕੀਂ ਆਪਣੇ ਘਰੀਂ ਪਰਤ ਗਏ। ਪ੍ਰੀਤਾ ਦਾਰੂ ਪੀ ਕੇ ਬੇਹੋਸ਼ ਪਿਆ ਸੀ।

ਕੋਲੋਂ ਲੰਘ ਰਹੇ ਸ਼ੈਰੂ ਨੇ ਹਲੂਣਿਆ, ਉਸ ਨੂੰ ਚੁੱਕ ਕੇ ਘਰ ਤੱਕ ਪਹੁੰਚਾਇਆ ਤੇ ਕਿਹਾ, "ਆਖਰ ਅਸੀਂ ਤੁਹਾਡੀ ਕੰਮ ਆਉਣੈ ਏ ਇਨਸਾਨੀਅਤ ਇਹੋ ਮੰਗ ਕਰਦੀ ਹੈ।

97790-99315

◆◆◆

# ਅਫ਼ਸਰੀ ਰੋਅਬ

**ਸਤਵਿੰਦਰ ਬੇਗੋਵਾਲੀਆ**

ਸਕੂਲ ਵਿੱਚ ਸਵੇਰ ਦੀ ਸਭਾ ਦਾ ਸਮਾਂ ਹੋਇਆ ਹੀ ਸੀ, ਵਿਦਿਆਰਥੀ ਕਤਾਰਾਂ ਵਿੱਚ ਖੜ੍ਹੇ ਹੋ ਗਏ। ਅਧਿਆਪਕ ਆਲੇ ਦੁਆਲੇ ਖੜ੍ਹੇ ਹੋ ਕੇ ਵਿਦਿਆਰਥੀਆਂ ਉਪਰ ਨਜ਼ਰਾਂ ਰੱਖ ਰਹੇ ਸਨ। ਅਚਾਨਕ ਜ਼ਿਲ੍ਹਾ ਸਿੱਖਿਆ ਅਫ਼ਸਰ ਤਿੰਨ ਚਾਰ ਸਾਥੀਆਂ ਨਾਲ ਆ ਪਹੁੰਚੇ। ਅਧਿਆਪਕਾਂ ਨੂੰ ਝਿੜਕਦੇ ਹੋਏ ਕਹਿਣ ਲੱਗੇ ਆ, "ਮਾਰਨਿੰਗ ਅਸੈਂਬਲੀ ਹੋ ਰਹੀ ਏ ?" ਇਕ ਦਮ ਸੰਨਾਟਾ ਛਾ ਗਿਆ। ਰਾਸ਼ਟਰੀ ਗਾਣ ਤੋਂ ਬਾਅਦ ਵਿਦਿਆਰਥੀਆਂ ਨੂੰ ਕਤਾਰਾਂ ਵਿੱਚ ਬਿਠਾ ਦਿੱਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ, "ਇਹਨਾਂ ਵਿਦਿਆਰਥੀਆਂ ਦਾ ਭਵਿੱਖ ਅਧਿਆਪਕਾਂ ਦੇ ਕੰਮ ਕਾਰ ਤੇ ਟਿਕਿਆ ਹੋਇਐ। ਮੈਂ ਇਹ ਵੇਖ ਕੇ ਦੁਖੀ ਹੁੰਦਾ ਹਾਂ ਕਿ ਪੜ੍ਹਾਉਣ ਵਾਲਾ ਕੋਈ ਵਿਰਲਾ ਅਧਿਆਪਕ ਹੀ ਰਹਿ ਗਿਐ। ਬਾਕੀ ਸਾਰੇ ਕੰਮ ਚੋਰ ਨੇ। ਸਾਡੇ ਸਮੇਂ ਕਈ ਅਧਿਆਪਕ ਕੁਰਸੀਆਂ ਤੇ ਬੈਠੇ ਬੈਠੇ ਸੌਂ ਜਾਂਦੇ ਸੀ। ਮੈਂ ਤੁਹਾਨੂੰ ਅਨੁਸ਼ਾਸਨ ਦਾ ਪਾਠ ਪੜ੍ਹਾ ਕੇ ਹੀ ਜਾਵਾਂਗਾ।" "ਕਿਸ ਤਰ੍ਹਾਂ ਦੇ ਅਨੁਸ਼ਾਸਨ ਦਾ ਪਾਠ ਪੜ੍ਹਾ ਰਹੇ ਹੋ ਡੀ.ਈ.ਓ. ਸਾਹਿਬ ?" ਅਚਾਨਕ ਪਿਛਲੇ ਪਾਸਿਓਂ ਰੋਅਬ ਵਾਲੀ ਆਵਾਜ਼ ਕੰਨੀਂ ਪਈ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਚਿਹਰਾ ਘੁੰਮਾ ਕੇ ਵੇਖਿਆ ਤਾਂ ਸੀ.ਈ.ਓ. ਸਾਹਿਬ ਨਜ਼ਰੀਂ ਪਏ। ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਆਵਾਜ਼ ਲੜਖੜਾਉਣ ਲੱਗੀ ਅਤੇ ਲੱਤਾਂ ਕੰਬਣ ਲੱਗ ਪਈਆਂ। "ਆਪਣੀ ਗੱਲ ਜਾਰੀ ਰੱਖੋ। ਡਿਸਿਪਲਨ ਦਾ ਪਾਠ ਪੜ੍ਹਾਓ ਇਹਨਾਂ ਅਧਿਆਪਕਾਂ ਨੂੰ। ਮੈਂ ਵੀ ਸੁਣ ਲਵਾਂ ਤੁਹਾਡੇ ਅਨਮੋਲ ਬੋਲ।" ਸੀ.ਈ.ਓ. ਨੇ ਰੋਅਬ ਵਾਲੇ ਅਫ਼ਸਰੀ ਲਹਿਜੇ ਵਿੱਚ ਚੁਣੌਤੀ ਦਿੱਤੀ। ਪਰ ਦੂਜੇ ਪਾਸੇ, ਜ਼ਿਲ੍ਹਾ ਸਿੱਖਿਆ ਅਫ਼ਸਰ ਕੰਬਦੀ ਆਵਾਜ਼ ਵਿੱਚ ਇੰਨਾ ਹੀ ਕਹਿ ਸਕਿਆ, "ਸਾਡੇ ਸਤਿਕਾਰਯੋਗ ਵੱਡੇ ਸਰ ਤੋਂ ਅਸੀਂ ਅਨੁਸ਼ਾਸ਼ਨ ਸਿੱਖਿਆ ਹੈ ਜਿਵੇਂ ਹੁਕਮ ਦੇਣਗੇ ਪਾਲਣਾ ਕਰਾਂਗੇ.... ਥੈਂਕ ਯੂ"। ਅਫ਼ਸਰੀ ਰੋਅਬ ਸੀ.ਈ.ਓ. ਦੇ ਚਿਹਰੇ ਤੇ ਸਪੱਸ਼ਟ ਨਜ਼ਰ ਆ ਰਿਹਾ ਸੀ।

◆◆◆



ਰੇਡੀਓ ਨਾਟਕ

# ਤੇ ਮੈਂ ਉਦਾਸ ਹੋ ਜਾਂਦੀ ਹਾਂ

**ਸੁਖਚੈਨ ਸਿੰਘ ਭੰਡਾਰੀ**

ਪਾਤਰ

ਪ੍ਰੋ. ਮੀਰਾ - 25 ਸਾਲ
ਪ੍ਰਿੰਸੀਪਲ ਅੰਮ੍ਰਿਤ ਚੋਪੜਾ - 45 ਸਾਲ
ਪਾਰਬਤੀ - 50 ਸਾਲ
ਕਲਾਵਤੀ - 40 ਸਾਲ
ਰਾਜਨ - 26 ਸਾਲ

ਵਕਤ ਸਵੇਰ ਦਸ ਵਜੇ ਦਾ
ਸਥਾਨ- ਦਿੱਲੀ ਦਾ ਇੱਕ ਮਹਿਲਾ ਕਾਲਜ

**ਧੁਨੀ ਪ੍ਰਭਾਵ**

(ਆਰੰਭਿਕ ਸੰਗੀਤ ਤੋਂ ਬਾਅਦ ਲੜਕੀਆਂ ਦੇ ਕਾਲਜ ਦਾ ਮਾਹੌਲ ਉਭਰਦਾ ਹੈ। ਪਿਛੋਕੜ ਵਿੱਚੋਂ ਲੜਕੀਆਂ ਦਾ ਗੱਲਾਂ ਮਾਰਨ ਦਾ ਸ਼ੋਰ ਉਭਰ ਕੇ ਸਮਾਪਤ ਹੋ ਜਾਂਦਾ ਹੈ। ਕਾਲਜ ਦੀ ਪ੍ਰਿੰਸੀਪਲ ਦਾ ਆਫ਼ਿਸ। ਪ੍ਰੋਫੈਸਰ ਮੀਰਾ ਪ੍ਰਿੰਸੀਪਲ ਦੇ ਕਮਰੇ ਵਿੱਚ ਦਾਖਲ ਹੋਣ ਲਈ ਜਿਵੇਂ ਦਰਵਾਜੇ ਦਾ ਲਟਕਦਾ ਪਰਦਾ ਹਟਾ ਕੇ.....)

ਪ੍ਰੋ. ਮੀਰਾ : ਮੈਂ ਆਈ ਕਮ ਇਨ, ਪ੍ਰਿੰਸੀਪਲ ਮੈਡਮ ?

ਪ੍ਰਿੰ. ਅੰਮ੍ਰਿਤਾ ਚੋਪੜਾ : ਯੈਸ, ਪ੍ਰੋਫੈਸਰ ਮੀਰਾ।

ਪ੍ਰੋ. ਮੀਰਾ : (ਜਿਵੇਂ ਅੰਦਰ ਆਉਂਦੇ ਹੋਏ) ਥੈਂਕ ਯੂ ਮੈਡਮ।

(ਵਕਫ਼ਾ)

ਪ੍ਰਿੰ. ਚੋਪੜਾ : ਬੈਠੋ ਮੀਰਾ।

ਪ੍ਰੋ. ਮੀਰਾ : ਸੌਰੀ ਪ੍ਰਿੰਸੀਪਲ ਮੈਡਮ, ਮੈਂ ਅੱਜ ਫਿਰ ਘਰ ਤੋਂ ਕੁਝ ਲੇਟ ਚੱਲੀ।

ਪ੍ਰਿੰ. ਚੋਪੜਾ : ਹਾਂ ਉਹ ਤਾਂ ਮੈਂ ਦੇਖ ਹੀ ਰਹੀ ਹਾਂ ਮੀਰਾ। ਇਹ ਤੁਸੀਂ ਕਈ ਵਾਰ ਕਰ ਚੁੱਕੇ ਹੋ। ਆਖ਼ਿਰ ਲੇਟ ਆਉਣ ਦੀ ਕੋਈ ਵਜ੍ਹਾ ਤਾਂ ਹੋਵੇਗੀ ਹੀ ਨਾ।..... ਵੈਸੇ ਤੁਸੀਂ ਇਕੱਲੇ ਹੀ ਤਾਂ ਦਿੱਲੀ ਦੇ ਇਸ ਮਹਾਂਨਗਰ ਵਿੱਚ ਹੋ। ਕੋਈ ਖ਼ਾਸ ਜ਼ਿੰਮੇਵਾਰੀ ਵੀ ਨਹੀਂ। ਫਿਰ ਇਸ ਤਰ੍ਹਾਂ ਰੋਜ਼-ਰੋਜ਼ ਕਾਲਜ ਵਿੱਚ ਲੇਟ ਪਹੁੰਚਣਾ...?

ਪ੍ਰੋ. ਮੀਰਾ : (ਠੰਡਾ ਸਾਹ ਭਰ ਕੇ) ਹਾਂ, ਮੈਡਮ। ਮੇਰੇ ਤੇ ਕੋਈ ਜ਼ਿੰਮੇਵਾਰੀ ਵੀ ਨਹੀਂ ਪਰ....।

ਪ੍ਰਿੰ. ਚੋਪੜਾ : (ਟੋਕ ਕੇ) ਪਰ ਕੀ ? ਮੈਂ ਕੁਝ ਸਮਝੀ ਨਹੀਂ ?

ਪ੍ਰੋ. ਮੀਰਾ : ਬੱਸ ਮੈਡਮ, ਕਈ ਵਾਰ ਪਤਾ ਨਹੀਂ, ਮਨ ਉਦਾਸ ਜਿਹਾ ਹੋ ਜਾਂਦਾ ਹੈ। ਲੱਖ ਚਾਹੁਣ ਤੇ ਵੀ, ਬਿਸਤਰ 'ਚੋਂ ਉਠਣ ਨੂੰ ਜੀਅ ਨਹੀਂ ਕਰਦਾ।

ਪ੍ਰਿੰ. ਚੋਪੜਾ : (ਹਲਕਾ ਜਿਹਾ ਹੱਸ ਕੇ)... ਤੇ ਇਸ ਲਈ ਕਾਲਜ ਪਹੁੰਚਣ ਨੂੰ ਦੇਰ ਹੋ ਜਾਂਦੀ ਹੈ। ਹੈ ਨਾ ਮਿਸ ਮੀਰਾ ?

ਪ੍ਰੋ. ਮੀਰਾ : (ਫਿਕਾ ਜਿਹਾ ਮੁਸਕਰਾ ਕੇ) ਇਹ ਹੀ ਸਮਝ ਲਵੋ ਮੈਡਮ। .... ਖੈਰ ਮੈਨੂੰ ਹਾਜ਼ਰੀ ਰਜਿਸਟਰ ਦੇ ਦਿਓ, ਮੈਂ ਆਪਣੀ ਪ੍ਰੈਜ਼ੰਟ ਲਗਾ ਕੇ ਦਸਤਖਤ ਕਰ ਦਿਆਂ।

ਪ੍ਰਿੰ. ਚੋਪੜਾ : ਹਾਂ।... ਇਹ ਲਓ ਰਜਿਸਟਰ। .... (ਰੁਕ ਕੇ) ਪਰ ਮੀਰਾ, ਤੈਨੂੰ ਇਹ ਲੜਕੀਆਂ ਦਾ ਕਾਲਜ ਜਾਇਨ ਕੀਤਿਆਂ ਅੱਜ ਛੇ ਮਹੀਨੇ ਤੋਂ ਉਤੇ ਹੋ ਗਏ ਹਨ। ਮੈਂ ਕਈ ਵਾਰ ਨੋਟ ਕੀਤਾ ਹੈ ਕਿ ਤੇਰੇ ਮੂੰਹ ਤੇ ਉਦਾਸੀ ਦੇ ਸਾਏ ਛਾਏ ਰਹਿੰਦੇ ਹਨ। ਤੂੰ ਕਦੀ ਹੱਸਦੀ ਵੀ ਹੈ ਤਾਂ ਇੰਝ ਜਾਪਦਾ ਹੈ ਕਿ ਜਿਵੇਂ ਇਕ ਖ਼ਲਾਅ ਜਿਹਾ ਭਰਿਆ ਹੋਵੇ ਉਸ ਹਾਸੇ ਵਿੱਚ। ਆਖ਼ਿਰ ਉਹ ਕਿਹੜਾ ਦਰਦਾ ਹੈ ਮੀਰਾ ਜਿਹੜਾ ਤੇਰੇ ਜ਼ਿਹਨ ਦੀਆਂ ਗਹਿਰਾਈਆਂ ਵਿੱਚ ਬੈਠਾ ਤੈਨੂੰ ਵਲੂੰਧਰਦਾ ਰਹਿੰਦਾ ਹੈ ?

ਪ੍ਰੋ. ਮੀਰਾ : (ਹਉਕਾ ਭਰ ਕੇ) ਨਹੀਂ, ਮੈਡਮ ਐਸੀ ਕੋਈ ਗੱਲ ਨਹੀਂ। ਬਸ ਐਵੇਂ ਹੀ ਕਦੀ-ਕਦੀ ਕੋਈ ਪਤਝੜੀ ਹਵਾ ਕਿਸੇ ਪਾਸਿਓਂ ਆ ਕੇ ਮੇਰੀ ਰੂਹ ਨੂੰ ਛਲਣੀ-ਛਲਣੀ ਕਰ ਜਾਂਦੀ ਹੈ ਤੇ ਮੈਂ ਉਦਾਸ ਹੋ ਜਾਂਦੀ ਹਾਂ।

ਪ੍ਰਿੰ. ਚੋਪੜਾ : ਪਰ ਉਹ ਹਵਾ, ਇਹ ਉਦਾਸ। ਕੋਈ ਰਾਜ਼ ਤਾਂ ਹੈ ਜਿਹੜਾ ਚੁਪ-ਚੁਪੀਤੇ ਤੈਨੂੰ ਬੇਚੈਨ ਕਰ ਜਾਂਦਾ ਹੈ। ਤੈਨੂੰ ਖੁੱਲਿਆਂ ਹਾਸਿਆਂ ਦੀ ਤਾਂ ਪਤਝੜ ਦੇ ਖੁਸ਼ਕ ਮੌਸਮ ਜਿਹੀਆਂ ਫਿੱਕੀਆਂ ਮੁਸਕਾਨਾਂ ਵਿੱਚ ਕੈਦ ਕਰ ਲੈਂਦਾ ਹੈ।

ਪ੍ਰੋ. ਮੀਰਾ : ਤੁਸੀਂ ਉਸ ਰਾਜ ਦੇ ਅੱਗ ਲੱਗੇ ਜੰਗਲ ਵਾਲ ਨਾ ਜਾਓ, ਮੈਡਮ ਝੁਲਸ ਜਾਓਗੇ ਤੁਸੀਂ (ਹਾਉਕਾ ਭਰ ਕੇ) ਮੈਨੂੰ ਦਿਓ



ਇਜ਼ਾਜਤ, ਮੈਂ ਆਪਣੀ ਕਲਾਸ ਜਾ ਲਵਾਂ।

ਪ੍ਰਿੰ. ਚੋਪੜਾ : ਦੇਖ ਮੀਰਾ, ਮੈਂ ਜਿੱਥੇ ਇਸ ਕਾਲਜ ਦੀ ਪ੍ਰਿੰਸੀਪਲ ਹਾਂ, ਉਥੇ ਮੈਂ ਆਪਣੇ ਸਟਾਫ਼ ਤੇ ਵਿਦਿਆਰਥਣਾਂ ਦੇ ਦੁੱਖ-ਸੁੱਖ ਦੀ ਸਾਥਣ ਵੀ। ਮੈਂ ਤੇਰੀ ਵੱਡੀ ਭੈਣ ਜਾਂ ਮਾਂ ਜਿੱਡੀ ਵੀ ਹਾਂ। ਇਸ ਲਈ ਤੇਰੀ ਪੀੜ ਨੂੰ ਜੇਕਰ ਮੈਂ ਆਪਣੇ ਸਨੇਹ ਦੇ ਕੋਸੇ ਕੋਸੇ ਬੋਲਾਂ ਨਾਲ ਟਕੋਰ ਕਰ ਸਕਾਂ ਤਾਂ ਇਹ ਮੇਰੇ ਲਈ ਆਪਣੀ ਭੈਣ ਦੇ ਪ੍ਰਤੀ, ਆਪਣੀ ਬੇਟੀ ਲਈ ਪੁੰਨ ਵਾਂਗ ਹੋਵੇਗਾ।

ਪ੍ਰੋ. ਮੀਰਾ : (ਗਲਾ ਭਰ ਕੇ) ਮੈਡਮ !

ਪ੍ਰਿੰ. ਚੋਪੜਾ : ਨਾ ਮੀਰਾ ਨਾ ਰੋ ਨਹੀਂ। ਮਨ ਦੀ ਗੱਲ ਸਾਂਝੀ ਕਰਨ ਨਾਲ ਦੁੱਖ ਅੱਧਾ ਹੋ ਜਾਂਦਾ ਹੈ। ਕਈ ਵਾਰ ਤਾਂ ਸੁਣਨ ਵਾਲਾ ਸੋਖਲਾ ਰਾਹ ਵਿਖਾ ਦਿੰਦਾ ਹੈ।... ਜਾ ਮੀਰਾ, ਤੂੰ ਆਪਣੇ ਪੀਰੀਅਡ ਲਗਾ ਕੇ ਇੱਥੇ ਆਫ਼ਿਸ ਵਿੱਚ ਆ ਜਾਵੀਂ। ਫਿਰ ਸੁਣਾਂਗੀ ਮੈਂ ਤੇਰੀ ਸਾਰੀ ਗੱਲ। ਐਵੇਂ ਮਨ ਤੇ ਭਾਰ ਪਾਈ ਫਿਰਨਾ ਚੰਗਾ ਨਹੀਂ।

ਪ੍ਰੋ. ਮੀਰਾ : (ਹਉਕਾ ਲੈ ਕੇ) ਠੀਕ ਹੈ ਪ੍ਰਿੰਸੀਪਲ ਮੈਡਮ, ਮੈਂ ਆ ਜਾਵਾਂਗੀ।

ਪ੍ਰਿੰ. ਚੋਪੜਾ : ਓ.ਕੇ.

(ਦ੍ਰਿਸ਼ ਪਰਿਵਰਤਨ ਸੰਗੀਤ ਦੇ ਨਾਲ ਲੜਕੀਆਂ ਦਾ ਸ਼ੋਰ ਉਭਰ ਕੇ ਸਮਾਪਤ ਹੋ ਜਾਂਦਾ ਹੈ)

ਪ੍ਰੋ. ਮੀਰਾ : (ਜਿਵੇਂ ਪ੍ਰਿੰਸੀਪਲ ਦੇ ਕਮਰੇ ਵਿੱਚ ਆਉਂਦੀ ਹੋਈ) ਮੈਂ ਆ ਜਾਵਾਂ ਮੈਡਮ ?

ਪ੍ਰਿੰ. ਚੋਪੜਾ : ਓਹ। ਹਾਂ ਮੀਰਾ ਆ ਜਾਓ। ਮੈਂ ਤੁਹਾਨੂੰ ਹੀ ਉਡੀਕ ਰਹੀ ਸੀ।

ਪ੍ਰੋ. ਮੀਰਾ : ਥੈਂਕ ਯੂ ਮੈਡਮ। ਮੈਂ ਆਪਣੇ ਤਿੰਨ ਪੀਰੀਅਡ ਲਗਾ ਕੇ ਹੁਣੇ ਹੀ ਫਾਰਿਗ ਹੋਈ ਹਾਂ।

ਪ੍ਰਿੰ. ਚੋਪੜਾ : ਵੈਰੀ ਗੁਡ। ਆਓ, ਇਧਰ ਆ ਕੇ ਮੇਰੇ ਸਾਹਮਣੇ ਵਾਲੀ ਕੁਰਸੀ ਤੇ ਬੈਠ ਜਾਓ।

ਪ੍ਰੋ. ਮੀਰਾ : ਜੀ ਮੈਡਮ।

ਪ੍ਰਿੰ. ਚੋਪੜਾ : ਕੀ ਪੀਓਗੇ ਮੀਰਾ, ਚਾਹ ਜਾਂ ਠੰਡਾ ?

ਪ੍ਰੋ. ਮੀਰਾ : ਨਹੀਂ ਪ੍ਰਿੰਸੀਪਲ ਮੈਡਮ, ਕੋਈ ਖਾਸ ਜ਼ਰੂਰਤ ਨਹੀਂ।

ਪ੍ਰਿੰ. ਚੋਪੜਾ : ਨਹੀਂ, ਜ਼ਰੂਰਤ ਹੈ। ਬੋਲ ਕੀ ਮੰਗਾਵਾਂ ?

ਪ੍ਰੋ. ਮੀਰਾ : ਤਾਂ ਫਿਰ ਚਾਹ ਹੀ ਠੀਕ ਹੈ ਮੈਡਮ।

ਪ੍ਰਿੰ. ਚੋਪੜਾ : (ਹੱਸ ਕੇ) ਬਿਲਕੁਲ ਠੀਕ। ਚਾਹ ਦੀਆਂ ਚੁਸਕੀਆਂ ਵਿੱਚ ਤੇਰੀ ਬਾਤ ਵੀ ਸੁਣਾਂਗੇ। ਠੀਕ ਹੈ ਨਾ ਮੀਰਾ ?

ਪ੍ਰੋ. ਮੀਰਾ : (ਫਿੱਕਾ ਜਿਹਾ ਹੱਸ ਕੇ) ਜਿਵੇਂ ਤੁਸੀਂ ਠੀਕ ਸਮਝੋ।

ਪ੍ਰਿੰ. ਚੋਪੜਾ : (ਕਾਲ ਬੈਲ ਵਜਾ ਕੇ ਉਚੀ ਆਵਾਜ਼ ਵਿੱਚ) ਕਲਾਵਤੀ!

(ਵਕਫ਼ਾ)

ਕਲਾਵਤੀ : (ਉਚੀ ਆਵਾਜ਼ ਵਿੱਚ ਜਿਵੇਂ ਬਾਹਰੋਂ ਅੰਦਰ ਆਉਂਦੇ ਹੋਏ) ਆਈ ਮੈਡਮ। (ਕੋਲ ਆ ਕੇ) ਦੱਸੋ ਮੈਡਮ ?

ਪ੍ਰਿੰ. ਚੋਪੜਾ : ਜਾਹ ! ਕੰਟੀਨ ਤੋਂ ਦੋ ਕੱਪ ਅੱਛੀ ਚਾਹ ਬਣਵਾ ਕੇ ਲੈ ਆ ਤੇ ਹਾਂ, ਨਾਲ ਬਿਸਕੁਟ ਵੀ ਲਿਆਵੀਂ।

ਕਲਾਵਤੀ : ਬਹੁਤ ਅੱਛਾ ਮੈਡਮ। ਮੈਂ ਹੁਣੇ ਲੈ ਕੇ ਆਈ।

ਪ੍ਰਿੰ. ਚੋਪੜਾ : ਠੀਕ ਹੈ, ਜਾ।

(ਵਕਫਾ)

ਪ੍ਰਿੰ. ਚੋਪੜਾ : ਹਾਂ ਹੁਣ ਦੱਸੋ ਮੀਰਾ ਕੀ ਤੁਹਾਡੀ ਖਾਮੋਸ਼ੀ ਤੇ ਉਦਾਸੀ ਪਿੱਛੇ ਉਹ ਕਿਹੜਾ ਡੂੰਘਾ ਰਾਜ ਹੈ ਜਿਹੜਾ ਤੇਰਿਆਂ ਹੱਡਾਂ ਵਿੱਚ ਬੈਠ ਕੇ ਹਰ ਵੇਲੇ ਚੀਸਾਂ ਦਿੰਦਾ ਰਹਿੰਦਾ ਹੈ ?

ਪ੍ਰੋ. ਮੀਰਾ : (ਹਉਕਾ ਭਰ ਕੇ) ਇਹ ਇੱਕ ਲੰਮੀ ਕਹਾਣੀ ਹੈ ਮੈਡਮ। ਇਹ ਉਹ ਦਾਸਤਾਨ ਹੈ ਜਿਸ ਨੇ ਉਸ ਦਿਨ ਤੋਂ ਹੀ ਕੰਡੇ ਮੇਰੀ ਝੋਲੀ ਵਿੱਚ ਪਾ ਦਿੱਤੇ ਜਿਸ ਦਿਨ ਮੈਂ ਦੁਲਹਨ ਬਣਕੇ ਆਪਣੇ ਪਤੀ ਦੇ ਘਰ ਪੈਰ ਰੱਖਿਆ ਸੀ।

ਪ੍ਰਿੰ. ਚੋਪੜਾ : (ਹੈਰਾਨੀ ਨਾਲ) ਤੂੰ ਕੀ ਕਹਿ ਰਹੀ ਹੈਂ ਮੀਰਾ ?

ਪ੍ਰੋ. ਮੀਰਾ : ਹਾਂ ਮੈਡਮ, ਉਹਨਾਂ ਦਿਨਾਂ ਵਿੱਚ ਮੈਂ ਅੰਮ੍ਰਿਤਸਰ ਇਕ ਕਾਲਜ ਵਿੱਚ ਨਵੀਂ-ਨਵੀਂ ਲੈਕਚਰਾਰ ਲੱਗੀ ਸੀ। ਮੇਰੇ ਫਾਦਰ ਇੱਕ ਸਕੂਲ ਦੇ ਹੈਡਮਾਸਟਰ ਸਨ। ਜਵਾਨ ਧੀ ਦਾ ਭਾਰ ਲਾਹੁਣ ਵਾਸਤੇ ਉਹ ਕਿਸੇ ਚੰਗੇ ਲੜਕੇ ਦੀ ਤਲਾਸ਼ ਕਰਨ ਲੱਗੇ।

ਪ੍ਰਿੰ. ਚੋਪੜਾ : ਕੀ, ਕਿਸੇ ਰਿਸ਼ਤੇਦਾਰ ਵਿੱਚ ਜਾਂ ਬਾਹਰ ?

ਪ੍ਰੋ. ਮੀਰਾ : ਨਹੀਂ ਮੈਡਮ, ਸਾਡੇ ਰਿਸ਼ਤੇਦਾਰਾਂ ਵਿੱਚ ਕੋਈ ਪੜ੍ਹਿਆ ਲਿਖਿਆ ਮੁੰਡਾ ਉਹਨਾਂ ਨੂੰ ਨਜ਼ਰ ਨਾ ਆਇਆ। ਇਸ ਲਈ ਅਖ਼ਬਾਰ ਵਿੱਚ ਮੈਟਰੀਮੋਨੀਅਲ ਦੇ ਦਿੱਤਾ।



ਪ੍ਰਿੰ. ਚੋਪੜਾ : ਤਾਂ ਫਿਰ ਕੋਈ ਠੀਕ ਢੰਗ ਦਾ ਮੈਟਰੀਮੋਨੀਅਲ ਲੈਟਰ ਆਇਆ ?

ਪ੍ਰੋ. ਮੀਰਾ : ਕਈ ਖ਼ਤ ਆਏ, ਉਹਨਾਂ ਵਿੱਚੋਂ ਇਕ ਬਾਓਡਾਟਾ ਵਾਲਾ ਖ਼ਤ ਡੈਡੀ ਨੂੰ ਪੰਸਦ ਆ ਗਿਆ। ਉਹ ਕਿਸੇ ਬਿਜਨੇਸਮੈਨ ਲੜਕੇ ਬਾਰੇ ਸੀ। ਪੜ੍ਹਿਆ-ਲਿਖਿਆ ਸੀ, ਅੰਮ੍ਰਿਤਸਰ ਹੀ ਰਹਿੰਦਾ ਸੀ।

ਪ੍ਰਿੰ. ਚੋਪੜਾ : ਪਰ ਤੂੰ ਤਾਂ ਜਾਬ ਕਰਨ ਵਾਲੀ ਸੀ। ਕੀ ਤੈਨੂੰ ਵੀ ਉਹ ਬਿਜਨੇਸਮੈਨ ਪਸੰਦ ਆਇਆ ?

ਪ੍ਰੋ. ਮੀਰਾ : ਗੱਲ ਸੰਜੋਗਾਂ ਦੀ ਹੈ ਮੈਡਮ ? ਮੈਂ ਨਾ ਚਾਹੁੰਦੇ ਹੋਏ ਵੀ ਹਾਂ ਕਰ ਦਿੱਤੀ। ਡੈਡੀ ਨੇ ਖ਼ਤ ਦਾ ਹਾਂ ਵਿੱਚ ਜਵਾਬ ਦੇ ਦਿੱਤਾ। ਅਗਲੇ ਹਫ਼ਤੇ ਲੜਕਾ ਤੇ ਉਸ ਦੇ ਮਾਂ-ਬਾਪ ਇਕ ਵਧੀਆ ਕਾਰ ਵਿੱਚ ਬੈਠ ਕੇ ਸਜੇ-ਧਜੇ ਸਾਡੇ ਘਰ ਆ ਗਏ।

ਪ੍ਰਿੰ. ਚੋਪੜਾ : ਕੀ ਤੈਨੂੰ ਉਹ ਮੁੰਡਾ ਸੋਹਣਾ ਲੱਗਾ ਮੀਰਾ ?

ਪ੍ਰੋ. ਮੀਰਾ : (ਹਉਕਾ ਭਰ ਕੇ) ਹਾਂ ਮੈਡਮ, ਲੰਮਾ, ਉੱਚਾ ਤੇ ਗੋਰ ਰੰਗ। ਉਹਨਾਂ ਨੂੰ ਮੈਂ ਵੀ ਚੰਗੀ ਲੱਗੀ ਤੇ ਉਸੇ ਦਿਨ ਹੀ ਰੋਕਾ-ਰੋਕਾਈ ਹੋ ਗਈ। ਪਰ ਮੇਰੇ ਮਾਪਿਆਂ ਨੇ ਪਹਿਲਾਂ ਇਹ ਵੀ ਪੁੱਛ ਲਿਆ ਕਿ ਕੀ ਉਹਨਾਂ ਦੀ ਕੋਈ ਮੰਗ ਤਾਂ ਨਹੀਂ।

ਪ੍ਰਿੰ. ਚੋਪੜਾ : ਫਿਰ ਉਹਨਾਂ ਮੁੰਡੇ ਵਾਲਿਆਂ ਨੇ ਕੀ ਕਿਹਾ ?

ਪ੍ਰੋ. ਮੀਰਾ : ਬਸ ਇਤਨਾਂ ਹੀ ਕਿ ਉਹਨਾਂ ਦੇ ਘਰ ਸਭ ਕੁਝ ਹੈ। ਉਹਨਾਂ ਨੂੰ ਤਾਂ ਖ਼ੂਬਸੂਰਤ ਲੜਕੀ ਹੀ ਚਾਹੀਦੀ ਹੈ, ਹੋਰ ਕੁੱਝ ਨਹੀਂ।

ਪ੍ਰਿੰ. ਚੋਪੜਾ : ਬੜੇ ਅੱਛੇ ਦਿਲਾਂ ਵਾਲੇ ਸਨ ਉਹ ਲੋਕ ਮੀਰਾ, ਜਿਹੜੇ ਬਗੈਰ ਕਿਸੇ ਦਾਜ ਦੇ ਆਡੰਬਰ ਤੋਂ ਤੈਨੂੰ ਸਵੀਕਾਰ ਕਰ ਲਿਆ।

ਪ੍ਰੋ. ਮੀਰਾ : (ਠੰਡਾ ਹਉਕਾ ਭਰ ਕੇ) ਪਰ ਨਹੀਂ ਪ੍ਰਿੰਸੀਪਲ ਮੈਡਮ। ਉਹ ਸਭ ਵਿਖਾਵਾ ਸੀ। ਵਿਆਹ ਹੋ ਗਿਆ। ਮੇਰੇ ਬਾਪ ਤੋਂ ਜਿੰਨਾ ਹੋਇਆ, ਉਸ ਮੈਨੂੰ ਦਿੱਤਾ। ਪਰ ਆਹ.... (ਚੁੱਪ ਹੋ ਜਾਂਦੀ ਹੈ।)

ਪ੍ਰਿੰ. ਚੋਪੜਾ : ਪਰ ਕੀ ਮੀਰਾ ? ਤੂੰ ਚੁੱਪ ਕਿਉਂ ਹੋ ਗਈ ?

(ਵਕਫ਼ਾ)

ਕਲਾਵਤੀ : (ਦੂਰੋਂ ਨੇੜੇ ਆਉਂਦੀ ਹੋਈ) ਲਓ ਮੈਡਮ, ਮੈਂ ਚਾਹ ਤੇ ਬਿਸਕੁਟ

ਲੈ ਆਈ।

**ਪ੍ਰਿੰ. ਚੋਪੜਾ** : ਠੀਕ ਹੈ ਕਲਾਵਤੀ। ਚਾਹ ਦੀ ਟ੍ਰੇਅ ਇੱਥੇ ਮੇਜ 'ਤੇ ਰੱਖ ਕੇ ਤੂੰ ਜਾ... ਤੇ ਹਾਂ, ਕੁਝ ਚਿਰ ਲਈ ਕਿਸੇ ਨੂੰ ਅੰਦਰ ਨਾ ਆਉਣ ਦੇਈਂ। ਕਹਿ ਦੇਵੀਂ ਕਿ ਪ੍ਰਿੰਸੀਪਲ ਮੈਡਮ ਕੋਈ ਜ਼ਰੂਰੀ ਕੰਮ ਕਰ ਰਹੇ ਹਨ।

**ਕਲਾਵਤੀ** : ਠੀਕ ਹੈ ਮੈਡਮ।

(ਵਕਫ਼ਾ)

**ਪ੍ਰਿੰ. ਚੋਪੜਾ** : ਹਾਂ, ਪ੍ਰੋ. ਮੀਰਾ ਤੂੰ ਕੀ ਕਹਿਣਾ ਚਾਹੁੰਦੀ ਸੀ ? ਪਰ ਹਾਂ, ਇਹ ਚਾਹ ਦਾ ਪਿਆਲਾ ਵੀ ਲੈ ਲਓ ਤੇ ਨਾਲ ਹੀ ਕਹਿ ਦੇ ਉਸ ਸਭ ਕੁਝ ਜੋ ਤੇਰੀ ਪਰੇਸ਼ਾਨੀ ਦਾ ਕਾਰਣ ਹੈ।

**ਪ੍ਰੋ. ਮੀਰਾ** : ਸ਼ੁਕਰੀਆ ਮੈਡਮ, ਲਓ, ਮੈਂ ਚਾਹ ਦਾ ਕੱਪ ਲੈਂਦੀ ਹਾਂ।.... ਮੈਡਮ ਇਸ ਤੋਂ ਪਹਿਲਾਂ ਕਿ ਮੈਂ ਆਪਣੇ ਸੁਹਾਗ ਰਾਤ ਦੇ ਕਮਰੇ ਵਿੱਚ ਕਦਮ ਰੱਖਦੀ, ਮੇਰੀ ਮਦਰ-ਇਨ-ਲਾ ਨੇ ਮੈਨੂੰ ਇਕ ਪਾਸੇ ਲਿਜਾ ਕੇ ਬੜੇ ਹੀ ਜ਼ਹਿਰੀਲੇ ਅੰਦਾਜ ਵਿੱਚ ਕਹਿ ਦਿੱਤਾ ਕਿ ਤੂੰ ਦਾਜ ਵਿੱਚ ਕੋਈ ਖਾਸ ਸਮਾਨ ਨਾ ਲਿਆ ਕੇ, ਸਾਡੀ ਬਿਰਾਦਰੀ ਵਿੱਚ ਨੱਕ ਵਢਾ ਦਿੱਤਾ ਹੈ। ਤੇਰੇ ਪਿਓ ਕੋਲੋਂ ਇੰਨਾ ਵੀ ਨਾ ਸਰਿਆ ਕਿ ਤੈਨੂੰ ਪੰਜਾਹ ਤੋਲੇ ਸੋਨਾ, ਕਾਰ ਵਗੈਰਾ ਹੀ ਦੇ ਦਿੰਦਾ। ਇਹ ਨਿੱਕ-ਸੁੱਕ ਦਾ ਅਸੀਂ ਕੀ ਕਰਨਾ।

**ਪ੍ਰਿੰ. ਚੋਪੜਾ** : ਓਹ ਮਾਈ ਗਾਡ ! ਜਦੋਂ ਉਹ ਤੈਨੂੰ ਵੇਖਣ ਲੱਗਿਆਂ ਹੀ ਕਹਿ ਦਿੱਤਾ ਸੀ ਕਿ ਉਹਨਾਂ ਨੂੰ ਕੁਝ ਨਹੀਂ ਚਾਹੀਦਾ ਤਾਂ ਫਿਰ ਵਿਆਹ ਤੋਂ ਬਾਅਦ ਇਹ ਜ਼ਲਾਲਤ ਕਿਉਂ ?

**ਪ੍ਰੋ. ਮੀਰਾ** : (ਹਉਕਾ ਭਰ ਕੇ) ਇਹੀ ਤਾਂ ਟ੍ਰੈਜ਼ਡੀ ਸੀ ਮੈਡਮ ਚੋਪੜਾ। ਸੁਣਕੇ ਮੈਂ ਹੈਰਾਨ ਰਹਿ ਗਈ। ਮੈਂ ਕਦੀ ਆਪਣੀ ਸੱਸ ਦੇ ਮੂੰਹ ਵੱਲ ਭਰੀਆਂ ਅੱਖਾਂ ਨਾਲ ਦੇਖਣ ਲੱਗੀ, ਤੇ ਕਦੇ ਆਪਣੇ ਮਹਿੰਦੀ ਰੰਗੇ ਹੱਥਾਂ ਵੱਲ ਤੇ ਕਦੀ ਲਾਲ ਚੂੜੇ ਵੱਲ।

**ਪ੍ਰਿੰ. ਚੋਪੜਾ** : ਫਿਰ ਮੀਰਾ ?

**ਪ੍ਰੋ. ਮੀਰਾ** : ਉਸ ਵਕਤ ਮੈਂ ਕੁਝ ਨਾ ਬੋਲੀ। ਹੈਰਾਨੀ ਤੇ ਪਰੇਸ਼ਾਨੀ ਵਿੱਚ ਮੈਂ ਭਰੇ ਕਦਮਾਂ ਨਾਲ ਆਪਣੇ ਸੁਹਾਗ ਰਾਤ ਵਾਲੇ ਕਮਰੇ



ਅੰਦਰ ਚਲੀ ਗਈ। ਮੈਨੂੰ ਉਸ ਵਕਤ ਇੰਝ ਲੱਗਾ ਜਿਵੇਂ ਮੈਂ ਕਿਸੇ ਉਜਾੜ ਬੀਆਬਾਨ ਵਿੱਚ ਆ ਗਈ ਹੋਵਾਂ। ਇਕ ਕੰਡਾ ਜਿਹਾ ਚੁੱਭ ਗਿਆ ਸੀ ਉਸ ਵੇਲੇ ਮੇਰੇ ਅੰਦਰ। ਆਉਣ ਵਾਲੇ ਦਿਨਾਂ ਦਾ ਕੋਈ ਖੌਫ਼ ਜਿਹਾ ਆ ਕੇ ਨੱਚਣ ਲੱਗ ਪਿਆ ਸੀ ਮੇਰੇ ਚਾਰੇ ਪਾਸੇ।

**ਪ੍ਰਿੰ. ਚੋਪੜਾ** : ਤੇ ਫਿਰ ਤੇਰੇ ਪਤੀ ਦਾ ਰਵੱਈਆ ਕੀ ਰਿਹਾ ?

**ਪ੍ਰੋ. ਮੀਰਾ** : (ਹਉਕਾ ਭਰ ਕੇ) ਨਾ ਪੁੱਛੋ ਮੈਡਮ। ਪਹਿਲਾਂ ਤਾਂ ਉਹ ਰਾਤ ਦੋ ਵਜੇ ਤੱਕ ਮੇਰੇ ਕਮਰੇ ਵਿੱਚ ਹੀ ਨਾ ਆਇਆ ਤੇ ਜਦੋਂ ਆਇਆ ਤਾਂ ਮੈਂ ਜਿਵੇਂ ਅਸਮਾਨੋਂ ਡਿੱਗੀ। ਉਹ ਸ਼ਰਾਬ ਵਿੱਚ ਡੁੱਬਾ, ਲੜਖੜਾਂਦੀਆਂ ਲੱਤਾਂ ਨਾਲ ਬੈਡ 'ਤੇ ਆ ਡਿੱਗਾ।

**ਪ੍ਰਿੰ. ਚੋਪੜਾ** : ਹਾਏ ਓ ਰੱਬਾ। ਤੇਰੇ ਵਿਆਹ ਦੀ ਪਹਿਲੀ ਰਾਤ ਦੀ ਸ਼ੁਰੂਆਤ ਇਸ ਤਰ੍ਹਾਂ।

**ਪ੍ਰੋ. ਮੀਰਾ** : ਹਾਂ ਮੈਡਮ। ਮੈਂ ਉਸਨੂੰ ਪਿਆਰ ਨਾਲ ਬੈਡ ਤੇ ਲਿਟਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਲੜਖਾਉਂਦੀ ਆਵਾਜ਼ ਵਿਚ ਜ਼ੋਰ ਦੀ ਚੀਖਿਆ... (ਫਲੈਸ਼ ਬੈਕ, ਰਾਤ ਦਾ ਆਭਾਸ)

**ਰਾਜਨ** : (ਸ਼ਰਾਬੀ ਵਾਂਗ) ਹੱਥ ...ਨਾ ਲਗਾ...ਮੈਨੂੰ। ਹੁੱਚ। ਤੂੰ....ਤੂੰ.... ਭੁੱਖੇ ਘਰਾਂ ਦੀ.... ਆ ਗਈ ਹੈਂ ਸਾਡੇ... ਕਰੋੜਪਤੀਆਂ ਦੇ ਘਰ.... ਆ ਗਈ ਏ.... ਹੁੱਚ। ਆ.... ਗਈ ਖਾਲੀ ਹੱਥ.....। .... ਦੂਰ ਹੋ ਜਾ.... ਹੁੱਚ...।

**ਪ੍ਰਿੰ. ਚੋਪੜਾ** : ਤੇ ਇਸ ਤਰ੍ਹਾਂ ਮੀਰਾ, ਉਸ ਪਹਿਲੀ ਰਾਤ ਦਾ ਆਗਾਜ਼ ਦਾਜ ਦੀ ਬਲੀ ਚੜ੍ਹ ਗਿਆ ?

**ਪ੍ਰੋ. ਮੀਰਾ** : (ਹਉਕਾ ਭਰ ਕੇ) ਉਹ ਰਾਤ ਇੱਕ ਕਹਿਰ ਬਣ ਕੇ ਮੇਰੇ ਨਾਲ ਲਿਪਟ ਗਈ। ਮੈਂ ਸਾਰੀ ਰਾਤ ਗੋਡਿਆਂ ਵਿੱਚ ਸਿਰ ਦੇ ਕੇ ਰੋਂਦੀ ਰਹੀ। ਆਪਣੀ ਕਿਸਮਤ ਨੂੰ ਕੋਸਦੀ ਰਹੀ ਤੇ ਉਹ ਨਿਰਮੋਹੀ ਜਿਸ ਨੇ ਅੱਗ ਦੇ ਸਾਹਮਣੇ ਫੇਰੇ ਲੈਂਦਿਆਂ ਮੈਨੂੰ ਆਪਣੀ ਹਯਾਤੀ ਦਾ ਹਮਸਫ਼ਰ ਬਨਾਉਣ ਦੀ ਕਸਮ ਖਾਧੀ ਸੀ, ਸ਼ਰਾਬ ਦੇ ਨਸ਼ੇ ਵਿੱਚ ਧੁੱਤ ਇਕ ਪਾਸੇ ਪਿਆ ਘੁਰਾੜੇ ਮਾਰਦਾ ਰਿਹਾ।

**ਪ੍ਰਿੰ. ਚੋਪੜਾ** : ਪਰ ਮੀਰਾ, ਕੀ ਤੂੰ ਉਸ ਨੂੰ ਇਹ ਨਾ ਕਿਹਾ ਕਿ ਤੈਨੂੰ ਦੇਖਣ

ਲੱਗਿਆਂ ਤਾਂ ਉਹਨਾਂ ਨੇ ਕੋਈ ਮੰਗ ਨਹੀਂ ਸੀ ਰੱਖੀ ਤੇ ਹੁਣ ਜਦੋਂ ਕਿ ਤੈਨੂੰ ਵਿਆਹ ਕੇ ਲੈ ਆਏ ਹਨ ਤਾਂ ਇਹ ਭੁੱਖ ਕਿਉਂ ?

ਪ੍ਰੋ. ਮੀਰਾ : ਮੈਨੂੰ ਉਸ ਰਾਤ, ਉਸ ਜ਼ਾਲਮ ਨੇ ਕਹਿਣ ਦਾ ਮੌਕਾ ਹੀ ਕਦੋਂ ਦਿੱਤਾ। ਉਹ ਤਾਂ ਸ਼ਰਾਬ ਦੇ ਜਹਿਰ ਵਿੱਚ ਡੁੱਬਾ, ਮੈਨੂੰ ਗਾਲ੍ਹਾਂ ਕੱਢਦਾ ਝੱਟ ਸੌਂ ਗਿਆ ਤੇ ਮੈਂ ਡਾਰ ਤੋਂ ਵਿਛੜੀ ਕੂੰਝ ਵਾਂਗ ਸਾਰੀ ਰਾਤ ਜਾਗਦੀ ਰਹੀ, ਤੜਪਦੀ ਰਹੀ ਤੇ ਆਉਣ ਵਾਲੇ ਦਿਨਾਂ ਬਾਰੇ ਸੋਚ-ਸੋਚ ਲਹੂ-ਲੁਹਾਨ ਹੁੰਦੀ ਰਹੀ।

ਪ੍ਰਿੰ. ਚੋਪੜਾ : ਹਾਂ, ਤੇਰੀ ਜ਼ਿੰਦਗੀ ਦਾ ਅਗਲਾ ਪੜਾਅ ਕਿਵੇਂ ਸ਼ੁਰੂ ਹੋਇਆ ?

ਪ੍ਰੋ. ਮੀਰਾ : (ਹਉਕਾ ਭਰ ਕੇ) ਜਦੋਂ ਮੇਰੀ ਮੈਰਿਜ ਦਾ ਆਗਾਜ਼ ਹੀ ਚੰਦਰਾ ਹੋਇਆ ਤਾਂ ਅਗਲੇ ਪੜਾਅ ਦੀ ਸ਼ੁਰੂਆਤ ਕਿਵੇਂ ਚੰਗੀ ਹੋ ਸਕਦੀ ਸੀ ਮੈਡਮ ਅੰਮ੍ਰਿਤਾ ਚੋਪੜਾ ?.... ਸਵੇਰ ਹੁੰਦੇ ਹੀ ਦਰਵਾਜੇ ਤੇ ਜ਼ੋਰ-ਜ਼ੋਰ ਦੀ ਦਸਤਕ ਹੋਣ ਲੱਗ ਪਈ...।

(ਫਲੈਸ਼ ਬੈਕ। ਸਵੇਰ ਹੋਣ ਦਾ ਆਭਾਸ ਮਿਲਦਾ ਹੈ। ਚਿੜੀਆਂ ਦੇ ਚਹਿਕਣ ਦੀਆਂ ਆਵਾਜ਼ਾਂ ਪਿਛੋਕੜ ਵਿਚੋਂ ਸੁਣਾਈ ਦਿੰਦੀਆਂ ਹਨ।)

ਪਾਰਬਤੀ : (ਬਾਹਰੋਂ ਦਰਵਾਜ਼ਾ ਖੜਕਾਉਂਦੇ ਹੋਏ) ਮੀਰਾ। ਉਹ ਮੀਰਾ! ਦਰਵਾਜਾ ਖੋਲ।

(ਵਕਫ਼ਾ। ਦਰਵਾਜਾ ਖੁੱਲ੍ਹਣ ਦੀ ਆਵਾਜ਼)

ਪਾਰਬਤੀ : ਹੈਂ। ਤੂੰ ਅਜੇ ਤੱਕ ਸੁੱਤੀ ਪਈ ਸੀ ਮੀਰਾ। ਨੀ ਛੇਤੀ ਉਠ ਕੇ ਵੱਡੇ-ਵਡੇਰਿਆਂ ਨੂੰ ਮੱਥਾ ਟੇਕ। ਰਸੋਈ ਵਿੱਚ ਜਾ ਕੇ ਚਾਹ ਬਣਾ ਕੇ ਸਭ ਨੂੰ ਦੇ। ਪੇਕਿਆਂ ਤੋਂ ਲਿਆਈ ਕੁਝ ਨਹੀਂ ਤਾਂ ਕੰਮ ਤਾਂ ਕਰ। ਸਾਡੇ ਤਾਂ ਨਸੀਬ ਹੀ ਫੁੱਟ ਗਏ।

ਪ੍ਰੋ. ਮੀਰਾ : ਪੈਰੀ ਪੈਣੀ ਆਂ ਮਾਂ ਜੀ।...ਮੈਂ....ਮੈਂ।

ਪਾਰਬਤੀ : (ਵਿਚੋਂ ਟੋਕ ਕੇ) ਨੀ ਮੈਂ-ਮੈਂ ਕੀ ਪਈ ਕਰਨੀ ਐਂ। ਚੱਲ ਬਾਹਰ ਆ ਕੇ ਚਾਹ ਬਣਾ।

ਪ੍ਰੋ. ਮੀਰਾ : ਪਰ ਮਾਂ ਜੀ, ਰਾਜਨ ਜੀ ਤਾਂ ਅਜੇ ਸੁੱਤੇ ਪਏ ਨੇ। ਉਹਨਾਂ ਦੀ ਆਗਿਆ ਤੋਂ ਬਿਨਾਂ ਮੈਂ....।

ਪਾਰਬਤੀ : (ਰੋਹ ਵਿੱਚ) ਨੀ ਰਹਿਣ ਦੇ ਫੱਫੇ ਕੁੱਟਣੀਏ। ਸੁੱਤਾ ਰਹਿਣ ਦੇ ਤੂੰ



ਉਸਨੂੰ। ਤੂੰ ਚੱਲ ਮੇਰੇ ਨਾਲ, ਮੈ ਤੈਨੂੰ ਰਸੋਈ ਵਿਖਾ ਦਿਆਂ।

ਪ੍ਰੋ. ਮੀਰਾ : (ਠੰਡਾ ਸਾਹ ਭਰ ਕੇ) ਜਿਵੇਂ ਕਹੋ ਮਾਂ ਜੀ।

(ਫਲੈਸ਼ ਬੈਕ ਖਤਮ ਹੁੰਦਾ ਹੈ)

ਪ੍ਰਿੰ. ਚੋਪੜਾ : ਹਾਏ ਮੈਂ ਮਰ ਜਾਂ ਮੀਰਾ। ਇਹੋ ਜਿਹਾ ਸਲੂਕ ਤਾਂ ਦੁਸ਼ਮਣ ਵੀ ਆਪਣੀਆਂ ਬਹੂਆਂ ਨਾਲ ਨਹੀਂ ਕਰਦੇ। ਪਹਿਲੇ ਦਿਨ ਹੀ ਤੇਰੇ ਨਾਲ ਇੰਨਾ ਵੱਡਾ ਕੁੱਝ ਵਾਪਰ ਗਿਆ।

ਪ੍ਰੋ. ਮੀਰਾ : (ਗਲਾ ਭਰ ਕੇ) ਹਾਂ ਮੈਡਮ ਚੋਪੜਾ! ਮੈਨੂੰ ਉਸ ਵਕਤ ਆਪਣੇ ਆਪ ਉੱਤੇ ਯਕੀਨ ਨਹੀਂ ਆ ਰਿਹਾ ਸੀ ਕਿ ਇਹ ਸਭ ਕੁਝ ਮੇਰੇ ਨਾਲ ਵਾਪਰ ਗਿਆ। ਮੈਂ ਹੱਕੀ-ਬੱਕੀ ਜਿਹੀ ਹੋਈ, ਆਪਣੀ ਸੱਸ ਨਾਲ ਰਸੋਈ ਵੱਲ ਨੂੰ ਚਲੀ ਗਈ ਤੇ ਫਿਰ ਜਿਵੇਂ ਮੇਰੀ ਜ਼ਿੰਦਗੀ ਦਾ ਸੁਪਨਾ ਢਹਿ ਢੇਰੀ ਹੋ ਗਿਆ। (ਡਸਕੋਰੇ ਭਰਦੀ ਹੈ।)

ਪ੍ਰਿੰ. ਚੋਪੜਾ : ਪਰ ਤੂੰ ਤਾਂ ਪੜ੍ਹੀ ਲਿਖੀ ਸੀ ਮੀਰਾ। ਕਾਲਜ ਵਿਚ ਲੈਕਚਰਾਰ ਲੱਗੀ ਹੋਈ ਸੀ। ਤੂੰ ਇਹ ਸਭ ਕੁਝ ਕਿਵੇਂ ਬਰਦਾਸ਼ਤ ਕਰ ਲਿਆ ? ਪਹਿਲੀ ਰਾਤ ਤੇ ਉਸ ਤੋਂ ਅਗਲੀ ਸਵੇਰ ਹੀ ਤੇਰੇ ਨਾਲ ਬੜੀ ਬਦਤਮੀਜੀ ਨਾਲ ਪੇਸ਼ ਆਇਆ ਗਿਆ ਤੇ ਫਿਰ ਵੀ ਤੂੰ ਚੁੱਪ ਰਹੀ ?

ਪ੍ਰੋ. ਮੀਰਾ : ਹਾਂ, ਮੈਂ ਚੁੱਪ ਰਹੀ। ਮੈਂ ਨਹੀਂ ਸੀ ਚਾਹੁੰਦੀ ਕਿ ਮੇਰੇ ਪੇਰੈਂਟਸ ਨੂੰ ਇਸ ਗੱਲ ਦਾ ਪਤਾ ਲੱਗ ਜਾਵੇ। ਉਹ ਤਾਂ ਵਿਚਾਰੇ ਸੁਣ ਕੇ ਜੀਉਂਦੇ ਜੀ ਮਰ ਜਾਂਦੇ। ਮੈਂ ਸੋਚਿਆ ਸ਼ਾਇਦ ਵਕਤ ਨਾਲ ਹੌਲੀ-ਹੌਲੀ ਸਭ ਠੀਕ ਹੋ ਜਾਵੇਗਾ। ਪਰ... (ਖ਼ਾਮੋਸ਼ ਹੋ ਜਾਂਦੀ ਹੈ)

ਪ੍ਰਿੰ. ਚੋਪੜਾ : ਪਰ ਕੀ ਮੀਰਾ ?

ਪ੍ਰੋ. ਮੀਰਾ : ਪਰ ਮੇਰੀ ਉਹ ਸੋਚ ਵੀ ਜ਼ਖਮੀ ਹੋ ਗਈ ਮੈਡਮ ਚੋਪੜਾ ਜੀ। ਮੇਰਾ ਹਸਬੈਂਡ ਸਾਰਾ-ਸਾਰਾ ਦਿਨ ਆਪਣੇ ਬਿਜਨੈਸ ਦੇ ਚੱਕਰਾਂ ਵਿੱਚ ਲੱਗਾ ਰਹਿੰਦਾ ਤੇ ਰਾਤੀਂ ਕਲੱਬ ਜਾਂ ਹੋਟਲ ਵਿੱਚੋਂ ਸ਼ਰਾਬ ਪੀ ਕੇ ਘਰ ਪਰਤਦਾ।

ਪ੍ਰਿੰ. ਚੋਪੜਾ : ਤੇ ਉਸ ਨੇ ਕਦੀ ਵੀ ਤੇਰੇ ਸੈਂਟੀਮੈਂਟਸ ਦਾ ਖਿਆਲ ਨਾ ਕੀਤਾ। ਤੂੰ ਉਸ ਦੀ ਬੀਵੀ ਸੈਂ। ਉਸ ਦੀਆਂ ਤੇਰੇ ਲਈ ਵੀ ਕੁਝ

ਜ਼ਿੰਮੇਵਾਰੀਆਂ ਸਨ।

ਪ੍ਰੋ. ਮੀਰਾ : (ਉਦਾਸ ਹੋ ਕੇ) ਨਹੀਂ ਮੈਡਮ। ਉਸ ਨੇ ਸਿਵਾਏ ਇਕ ਸੈਕਸ ਮਸ਼ੀਨ ਦੇ ਮੈਨੂੰ ਕੁਝ ਹੋਰ ਨਾ ਸਮਝਿਆ। ਜੇ ਮੈਂ ਕਦੇ ਸਮਝਾਉਣ ਦੀ ਕੋਸ਼ਿਸ਼ ਕਰਦੀ ਤਾਂ ਉਹ ਮੈਨੂੰ ਗੱਲ੍ਹਾਂ ਕੱਢਦਾ। ਕਈ ਵਾਰੀ ਤਾਂ ਸ਼ਰਾਬ ਦੇ ਨਸ਼ੇ ਵਿੱਚ ਹੱਥ ਵੀ ਚੁੱਕ ਲੈਂਦਾ ਤੇ ਮੈਂ ਕਿਸੇ ਬੇਬਸ ਪੰਛੀ ਵਾਂਗ, ਸਾਰੀ-ਸਾਰੀ ਰਾਤ ਰੋਂਦੀ ਰਹਿੰਦੀ।

ਪ੍ਰਿੰ. ਚੋਪੜਾ : ਇਹ ਤਾਂ ਬੜੀ ਜ਼ਿਆਦਤੀ ਸੀ ਤੇਰੇ ਨਾਲ। ਪਰ ਮੀਰਾ ਤੂੰ ਇਸ ਯੁੱਗ ਵਿੱਚ ਰਹਿੰਦਿਆਂ ਹੋਇਆਂ ਵੀ ਇਹ ਸਭ ਸਹਿੰਦੀ ਰਹੀ? ਤੇਰੇ ਆਪਣੇ ਅਧਿਕਾਰ ਸਨ, ਤੂੰ ਪੜ੍ਹੀ ਲਿਖੀ ਸੀ। ਆਪਣੀ ਆਵਾਜ਼ ਬੁਲੰਦ ਕਰ ਸਕਦੀ ਸੀ। ਕੀ ਦਹੇਜ ਵਿੱਚ ਕਾਰ ਤੇ ਸੋਨਾ ਨਾ ਆਉਣ ਕਰਕੇ, ਤੇਰੇ ਸਾਰੇ ਆਪਣੇ ਨਿੱਜੀ ਹਕੂਕ ਵੀ ਖ਼ਤਮ ਹੋ ਗਏ ਸਨ?

ਪ੍ਰੋ. ਮੀਰਾ : ਬਸ ਮੈਂ ਕਿਵੇਂ ਦੱਸਾਂ ਮੈਡਮ ਕਿ ਉਸ ਵਕਤ ਕੁਝ ਨਹੀਂ ਸੀ ਸੁੱਝਦਾ। ਮੈਂ ਹਰ ਵਕਤ ਪਰੇਸ਼ਾਨੀ ਦੇ ਆਲਮ ਵਿੱਚ ਕਿਸੇ ਮਸ਼ੀਨ ਵਾਂਗ ਘਰ ਦਾ ਸਾਰਾ ਕੰਮ ਕਾਰ ਕਰਦੀ ਰਹਿੰਦੀ। ਪਰ ਹਾਏ ਉਹਨਾਂ ਪੱਥਰ ਦਿਲ ਲੋਕਾਂ ਤੇ ਕਦੇ ਵੀ ਕੋਈ ਅਸਰ ਨਾ ਹੋਇਆ। ਹਰ ਵੇਲੇ ਤਾਹਨੇ-ਮਿਹਣੇ। ਮੈਂ ਆਪਣੇ ਆਪ ਵਿੱਚ ਜਿਵੇਂ ਮਰਦੀ ਜਾ ਰਹੀ ਸਾਂ। ਇੰਨੀ ਜ਼ਲਾਲਤ ਤਾਂ ਨਾ ਕਦੇ ਕਿਤੇ ਦੇਖੀ ਸੀ ਤੇ ਨਾ ਹੀ ਕਦੇ ਸੁਣੀ ਸੀ।

ਪ੍ਰਿੰ. ਚੋਪੜਾ : ਪਰ ਇਹ ਸਭ ਕਿੰਨਾ ਚਿਰ ਚਲਦਾ ਰਿਹਾ ਮੀਰਾ?

ਪ੍ਰੋ. ਮੀਰਾ : (ਹਉਕਾ ਭਰ ਕੇ) ਕੋਈ ਦੋ ਕੁ ਮਹੀਨੇ ਤਾਂ ਮੈਂ ਰੁਟੀਨ ਦੀ ਚੱਕੀ ਵਿੱਚ ਪਿਸਦੀ ਰਹੀ। ਆਖਿਰ ਇਕ ਰਾਤ ਮੈਂ ਫੈਸਲਾ ਕਰ ਲਿਆ।

ਪ੍ਰਿੰ. ਚੋਪੜਾ : ਉਹ ਕੀ?

ਪ੍ਰੋ. ਮੀਰਾ : ਇਕ ਰਾਤ ਜਦੋਂ ਮੇਰਾ ਪਤੀ ਘਰ ਆਇਆ ਤਾਂ ਮੈਂ ਉਸ ਨਾਲ ਗੱਲ ਤੋਰੀ...।

(ਫਲੈਸ਼ ਬੈਕ)

ਪ੍ਰੋ. ਮੀਰਾ : ਰਾਜਨ ਮੈਂ ਅੱਜ ਤੁਹਾਡੇ ਨਾਲ ਇੱਕ ਗੱਲ ਕਰਨੀ ਹੈ।

ਰਾਜਨ : (ਹੈਰਾਨ ਹੋ ਕੇ) ਮੇਰੇ ਨਾਲ ਗੱਲ ਕਰਨੀ ਹੈ, ਉਹ ਕਿਹੜੀ?



ਪ੍ਰੋ. ਮੀਰਾ : ਮੈਂ ਆਪਣੀਆਂ ਕਾਲਜ ਦੀਆਂ ਛੁੱਟੀਆਂ ਕੈਂਸਲ ਕਰਵਾ ਕੇ ਮੁੜ ਤੋਂ ਪੜ੍ਹਾਉਣਾ ਸ਼ੁਰੂ ਕਰਨਾ ਚਾਹੁੰਦੀ ਹਾਂ।

ਰਾਜਨ : ਤੇਰਾ ਦਿਮਾਗ ਤਾਂ ਖ਼ਰਾਬ ਨਹੀਂ ਹੋ ਗਿਆ। ਤੂੰ ਮੇਰੀ ਬੀਵੀਂ ਹੈ। ਇਸ ਘਰ ਦੀ ਬਹੂ ਹੈ। ਤੇਰਾ ਜਿਉਣਾ-ਮਰਨਾ ਇਸ ਘਰ ਨਾਲ ਹੀ ਜੁੜ ਗਿਆ ਹੈ। ਇਸ ਲਈ ਤੂੰ ਨੌਕਰੀ ਨਹੀਂ ਕਰੇਂਗੀ।

ਪ੍ਰੋ. ਮੀਰਾ : ਹਾਂ, ਮੈਂ ਤੁਹਾਡੀ ਬੀਵੀ ਹਾਂ। ਇਸ ਘਰ ਦੀ ਬਹੂ ਵੀ ਹਾਂ, ਪਰ ਜਿਸ ਤਰ੍ਹਾਂ ਦੀ ਜ਼ਿੰਦਗੀ ਤੁਸੀਂ ਮੈਨੂੰ ਜੀਉਣ ਲਈ ਦੇ ਰਹੇ ਹੋ, ਉਸ ਨੂੰ ਜ਼ਿੰਦਗੀ ਨਹੀਂ ਕਿਹਾ ਜਾ ਸਕਦਾ।

ਰਾਜਨ : (ਉਚੀ ਚੀਖ ਕੇ) ਖ਼ਾਮੋਸ਼, ਅੱਜ ਤੇਰੀ ਜ਼ੁਬਾਨ ਕਿਵੇਂ ਖੁੱਲ੍ਹ ਗਈ? ਤੈਨੂੰ ਕਿਸ ਗੱਲ ਦੀ ਘਾਟ ਹੈ ਇਸ ਘਰ ਵਿਚੋਂ ਚੰਗਾ ਖਾਣ ਨੂੰ, ਚੰਗਾ ਹੰਡਾਉਣ ਨੂੰ।

ਪ੍ਰੋ. ਮੀਰਾ : ਇਹ ਜ਼ੁਬਾਨ ਤੁਹਾਡੇ ਘਰ ਵਾਲਿਆਂ ਤੇ ਤੁਹਾਡੀ ਮੇਰੇ ਪ੍ਰਤੀ ਬੇਰੁਖੀ ਨੇ ਹੀ ਖੁਲਵਾਈ ਹੈ। ਰਾਜਨ ਜੀ! ਤੁਸੀਂ ਮੈਨੂੰ ਜਦੋਂ ਦਾ ਵਿਆਹ ਕੇ ਲਿਆਏ ਹੋ, ਕਦੇ ਦੋ ਬੋਲ ਪਿਆਰ ਦੇ ਵੀ ਮੇਰੀ ਝੋਲੀ ਪਾਏ ਜੇ? ਦੂਸਰੇ ਪਾਸੇ ਤੁਹਾਡੀ ਮਾਂ ਜੀ ਦੇ ਹਰ ਵੇਲੇ ਦੇ ਤਾਨ੍ਹੇ-ਮਿਹਣੇ। ਮੇਰੀ ਰੂਹ ਜ਼ਖਮੀ ਹੋ ਗਈ ਹੈ। ਰਾਜਨ। ਮੈਥੋਂ ਹੋਰ ਘੁੱਟ-ਘੁੱਟ ਕੇ ਨਹੀਂ ਰਿਹਾ ਜਾਂਦਾ ਰਾਜਨ।

ਰਾਜਨ : ਗੁੱਸੇ ਵਿੱਚ ਉੱਚੀ) ਤਾਂ ਠੀਕ ਹੈ ਮੀਰਾ, ਜੇਕਰ ਤੈਨੂੰ ਮੈਥੋਂ ਤੇ ਮੇਰੇ ਘਰਵਾਲਿਆਂ ਤੋਂ ਇੰਨੀ ਨਫ਼ਰਤ ਹੈ ਤਾਂ ਤੂੰ ਬੇਸ਼ੱਕ ਇਥੋਂ ਚਲੀ ਜਾ। ਮੈਂ ਕਲ੍ਹ ਹੀ ਕੋਰਟ ਵਿੱਚ ਜਾ ਕੇ ਤਲਾਕ ਦੀ ਅਰਜ਼ੀ ਦੇ ਦਿੰਦਾ ਹਾਂ।

ਪ੍ਰੋ. ਮੀਰਾ : (ਹੈਰਾਨੀ ਨਾਲ) ਰਾਜਨ। ਇਹ ਤੁਸੀਂ ਕੀ ਕਹਿ ਰਹੇ ਹੋ? ਤੁਸੀਂ ਮੈਨੂੰ ਆਪਣੀ ਪਸੰਦ ਬਣਾ ਕੇ ਵਿਆਹ ਕੇ ਲਿਆਏ ਸੀ, ਕਿਧਰੋਂ ਭਜਾ ਕੇ ਨਹੀਂ। ਇੰਨੀ ਘਟੀਆ ਗੱਲ ਤੁਸੀਂ ਕਰ ਕਿਵੇਂ ਦਿੱਤੀ। ਮੈਂ ਸਿਰਫ਼ ਨੌਕਰੀ ਤੇ ਮੁੜ ਕੇ ਜਾਣ ਦੀ ਇਜ਼ਾਜ਼ਤ ਚਾਹੀ ਸੀ ਤਾਂ ਕਿ ਮੈਂ ਕੁਝ ਘੰਟੇ, ਇਸ ਘਰ ਦੇ ਮਾਹੌਲ ਤੋਂ ਬਾਹਰ ਨਿਕਲ ਕੇ ਸੁੱਖ ਦਾ ਸਾਹ ਲੈ ਸਕਾਂ। ਪਰ ਤੁਸੀਂ ਤਲਾਕ ਸ਼ਬਦ ਤੱਕ ਪਹੁੰਚ ਗਏ।

ਰਾਜਨ : (ਗੁੱਸੇ ਵਿੱਚ) ਹਾਂ ਮੈਂ ਤੈਨੂੰ ਵਿਆਹ ਕੇ ਲਿਆਂਦਾ ਸੀ। ਪਰ ਤੇਰੇ

ਮਾਂ-ਪਿਓ ਨੇ ਸਾਨੂੰ ਦਿੱਤਾ ਕੀ? ਅਸੀਂ ਇੰਨੇ ਵੱਡੇ ਖਾਨਦਾਨੀ ਬਿਜਨੈਸ ਘਰਾਨੇ ਵਾਲੇ ਲੋਕ ਤੇ ਮੱਥਾ ਜਾ ਕੇ ਕਿੱਥੇ ਲੱਗਾ ਇੱਕ ਮਾਸਟਰ ਦੀ ਧੀ ਪ੍ਰੋਫੈਸਰਨੀ ਨਾਲ।

ਪ੍ਰੋ. ਮੀਰਾ : ਦੇਖੋ ਰਾਜਨ, ਤੁਸੀਂ ਹੱਦ ਤੋਂ ਵੱਧ ਕੇ ਮੇਰੇ ਤੇ ਮਾਂ-ਪਿਓ ਬਾਰੇ ਅਨਾਪ-ਸ਼ਨਾਪ ਬੋਲੀ ਜਾ ਰਹੇ ਹੋ। ਇਹ ਰਿਸ਼ਤਾ ਤੁਸੀਂ ਸਭ ਨੇ ਦੇਖਭਾਲ ਕੇ ਤਸੱਲੀ ਨਾਲ ਲਿਆ ਸੀ। ਉਸ ਵਕਤ ਦਾਜ ਬਾਰੇ ਵੀ ਮੇਰੇ ਡੈਡੀ ਨੇ ਪੁੱਛਿਆ ਸੀ ਪਰ ਤੁਸੀਂ ਉਸ ਵਕਤ ਐਸੀ ਕੋਈ ਮੰਗ ਨਹੀਂ ਸੀ ਕੀਤੀ। ਫਿਰ ਅਚਾਨਕ ਵਿਆਹ ਤੋਂ ਬਾਅਦ ਤੁਹਾਨੂੰ ਕਾਰ ਤੇ ਸੋਨੇ ਵਗੈਰਾ ਦੀ ਭੁੱਖ ਕਿਉਂ ਹੋ ਗਈ?

ਰਾਜਨ : ਖੈਰ! ਮੀਰਾ! ਮੈਂ ਤੇਰੇ ਨਾਲ ਮੱਥਾ ਨਹੀਂ ਮਾਰਨਾ ਚਾਹੁੰਦਾ। ਤੂੰ ਮੇਰੇ ਵੱਲੋਂ ਆਜ਼ਾਦ ਹੈ। ਮੈਂ ਅਮੀਰ ਆਦਮੀ ਹਾਂ। ਮੈਨੂੰ ਲੜਕੀਆਂ ਦੀ ਕਮੀ ਨਹੀਂ। ਤੂੰ ਮੇਰੇ ਘਰੋਂ ਦਫਾ ਹੋ ਜਾ, ਮੈ ਕਲ੍ਹ ਤਲਾਕਨਾਮੇ ਦੇ ਕਾਗਜ ਤਿਆਰ ਕਰਕੇ ਅਦਾਲਤ ਵਿੱਚ ਦੇ ਦਿਆਂਗਾ।

ਪ੍ਰੋ. ਮੀਰਾ : ਖਾਮੋਸ਼ ਰਾਜਨ। ਬਹੁਤ ਸਤਾਇਆ ਹੈ ਤੂੰ ਹੁਣ ਤੱਕ। ਮੇਰੇ ਅੰਗ-ਸੰਗ ਵਿੱਚ ਤੁਹਾਡੇ ਲੋਕਾਂ ਦੇ ਦਿੱਤੇ ਜ਼ਖਮਾਂ ਨੇ ਆਪਣੀ ਥਾਂ ਬਣਾ ਲਈ ਹੈ। ਮੈਂ ਜਾਂ ਰਹੀ ਹਾਂ ਤੇ ਫਿਰ ਕਦੇ ਪਰਤ ਕੇ ਤੇਰੇ ਘਰ ਵੱਲ ਨਹੀਂ ਦੇਖਾਂਗੀ। ਤੂੰ ਬੇਸ਼ੱਕ ਡਾਈਵੋਰਸ ਦੇ ਕਾਗਜ ਤਿਆਰ ਕਰਵਾ ਲੈ, ਮੈਂ ਅਦਾਲਤ ਵਿੱਚ ਜਾ ਕੇ ਰਜ਼ਾਮੰਦੀ ਨਾਲ ਦਸਤਖਤ ਕਰ ਦਿਆਂਗੀ।

ਰਾਜਨ : (ਚੀਕ ਕੇ) ਗੈਟ-ਆਉਟ।

(ਫਲੈਸ਼ ਬੈਕ ਖ਼ਤਮ ਹੁੰਦਾ ਹੈ)

ਪ੍ਰੋ. ਮੀਰਾ : ...ਤੇ ਮੈਡਮ, ਮੈਂ ਉਸੇ ਦਿਨ ਹੀ ਰਾਜਨ ਦਾ ਵਿਹੜਾ ਛੱਡ ਕੇ ਆਪਣੇ ਮਾਪਿਆਂ ਕੋਲ ਆ ਗਈ। ਮੇਰੀ ਗੱਲ ਸੁਣ ਕੇ ਮੇਰੀ ਮਾਂ ਉਚੀ-ਉਚੀ ਰੋਣ ਲੱਗ ਪਈ। ਪਰ ਮੇਰੇ ਡੈਡੀ ਨੇ ਮੈਨੂੰ ਆਪਣੀ ਹਿੱਕ ਨਾਲ ਲਗਾ ਕੇ ਕਿਹਾ ਕਿ ਧੀਏ, ਤੂੰ ਪੜ੍ਹੀ ਲਿਖੀ ਹੈ। ਕਾਲਜ ਵਿੱਚ ਪ੍ਰੋਫੈਸਰ ਲੱਗੀ ਹੋਈ ਹੈਂ। ਤੈਨੂੰ ਆਪਣੇ ਸਹੁਰੇ ਘਰ ਘੁੱਟ-ਘੁੱਟ ਕ ਮਰਨ ਦੀ ਕੀ ਲੋੜ?

ਪ੍ਰਿੰ. ਚੋਪੜਾ : ਵਾਹ ਮੀਰਾ! ਤੇਰੇ ਫੈਸਲੇ ਤੋਂ ਮੈਂ ਕੁਰਬਾਨ। ਤੇਰੇ ਡੈਡੀ ਦੇ



ਹੌਂਸਲੇ ਨੂੰ ਵੀ ਮੇਰਾ ਸਲਾਮ।... ਤੇ ਫਿਰ ਤੂੰ ਕਾਲਜ ਜਵਾਇਨ ਕਰ ਲਿਆ?

ਪ੍ਰੋ. ਮੀਰਾ : ਹਾਂ ਮੈਡਮ ਚੋਪੜਾ। ਕੁਝ ਦਿਨ ਤਾਂ ਮੈਂ ਆਪਣੇ ਬੀਤੇ ਦਿਨਾਂ ਨੂੰ ਯਾਦ ਕਰਕੇ ਇਕੱਲਿਆਂ ਲੁੱਕ-ਲੁੱਕ ਰੋਂਦੀ ਰਹੀ ਤੇ ਸੋਚਦੀ ਰਹੀ ਕਿ ਹਾਏ ਰੱਬਾ, ਤੂੰ ਮੈਨੂੰ ਕਿਹੜੇ ਪਾਪਾਂ ਦੀ ਕਿੰਨੀ ਵੱਡੀ ਸਜ਼ਾ ਦਿੱਤੀ ਪਰ ਫਿਰ ਹੌਲੀ-ਹੌਲੀ ਸਭ ਨਾਰਮਲ ਹੁੰਦਾ ਗਿਆ।

ਪ੍ਰਿੰ. ਚੋਪੜਾ : ਤੇ ਉਹ ਤਲਾਕ?

ਪ੍ਰੋ. ਮੀਰਾ : ਉਸ ਦਕਿਆਨੂਸੀ ਆਦਮੀ ਨੇ ਅਗਲੇ ਦਿਨ ਹੀ ਕੋਰਟ ਵਿੱਚ ਡਾਈਵੋਰਸ ਦੇ ਕਾਗਜ਼ ਦਾਖਲ ਕਰ ਦਿੱਤੇ। ਮੈਨੂੰ ਬੁਲਾਵਾ ਆਇਆ। ਮੈਂ ਆਪਣੇ ਡੈਡੀ ਨੂੰ ਨਾਲ ਲੈ ਕੇ ਕਚਹਿਰੀ ਚਲੀ ਗਈ ਤੇ ਆਪਣੀ ਰਜ਼ਾਮੰਦੀ ਜ਼ਾਹਿਰ ਕਰਦਿਆਂ ਜੱਜ ਦੇ ਸਾਹਮਣੇ ਤਲਾਕਨਾਮੇ ਤੇ ਸਾਈਨ ਕਰ ਦਿੱਤੇ।

ਪ੍ਰਿੰ. ਚੋਪੜਾ : ਉਸ ਵਕਤ ਤੈਨੂੰ ਕਿਵੇਂ ਮਹਿਸੂਸ ਹੋਇਆ ਮੀਰਾ? ਜਿਹੜੀ ਔਰਤ ਕੁਝ ਮਹੀਨੇ ਪਹਿਲਾਂ ਹੀ ਵਿਆਹੀ ਗਈ ਹੋਵੇ, ਉਸੇ ਔਰਤ ਨੂੰ ਕੋਰਟ ਵਿੱਚ ਆ ਕੇ ਤਲਾਕਨਾਮੇ ਤੇ ਦਸਤਖਤ ਕਰਨੇ ਪੈ ਗਏ?

ਪ੍ਰੋ. ਮੀਰਾ : ਇਕ ਤੂਫ਼ਾਨ ਜਿਹਾ ਉਠਿਆ ਸੀ ਮੇਰੇ ਅੰਦਰ ਉਸ ਵਕਤ। ਜੀਅ ਕਰਦਾ ਸੀ ਕਿ ਭੁੱਬਾਂ ਮਾਰ ਕੇ ਰੋਵਾਂ ਪਰ ਮੈਂ ਉਸ ਤੂਫ਼ਾਨ ਨੂੰ ਅੰਦਰੋਂ-ਅੰਦਰ ਹੀ ਪੀ ਲਿਆ ਤੇ ਜਦੋਂ ਮੈਂ ਕਚਹਿਰੀ ਦੇ ਗੇਟ ਤੋਂ ਬਾਹਰ ਨਿਕਲੀ ਤਾਂ ਮੈਨੂੰ ਲੱਗਾ ਜਿਵੇਂ ਮੈਂ ਫੁੱਲ ਬਣ ਗਈ ਹੋਵਾਂ। ਬੇਵਫ਼ਾ ਮਰਦ ਤੇ ਸਹਿਰਾ ਵਾਂਗ ਖੁਸ਼ਕ ਉਸਦੇ ਘਰ ਵਾਲਿਆਂ ਤੋਂ ਮਿਲੀ ਆਜ਼ਾਦੀ ਨੇ ਮੈਨੂੰ ਜਿਵੇਂ ਮੁੜ ਤੋਂ ਜੀਣ ਲਈ ਨਵੇਂ ਖੰਭ ਦੇ ਦਿੱਤੇ ਹੋਣ।

ਪ੍ਰਿੰ. ਚੋਪੜਾ : ਪਰ ਤੂੰ ਮੀਰਾ ਉਸ ਕਾਲਜ ਤੋਂ ਤਬਾਦਲਾ ਕਰਾ ਕੇ ਦਿੱਲੀ ਇਸ ਕਾਲਜ ਵਿੱਚ ਕਿਉਂ ਆ ਗਈ ਜਦੋਂ ਕਿ ਤੇਰੇ ਮਾਪੇ ਅੰਮ੍ਰਿਤਸਰ ਰਹਿੰਦੇ ਹਨ?

ਪ੍ਰੋ. ਮੀਰਾ : (ਹਉਕਾ ਭਰ ਕੇ) ਪਤਾ ਨਹੀਂ ਕਿਉਂ, ਉਸ ਸ਼ਹਿਰ ਵਿੱਚ, ਉਸ ਦੀਆਂ ਸੜਕਾਂ ਤੇ ਗਲੀਆਂ 'ਚ ਟੁਰਨਾ ਮੇਰੇ ਪੈਰਾਂ ਨੂੰ ਔਖਾ ਲੱਗ ਰਿਹਾ ਸੀ। ਸ਼ਾਇਦ ਇਸ ਲਈ ਕਿ ਮੇਰਾ ਉਹ ਜੋ ਕਦੀ

ਮੈਨੂੰ ਵਿਆਹ ਕੇ ਲੈ ਗਿਆ ਸੀ ਜੋ ਇਕ ਚੰਗਾ ਹਮਸਫ਼ਰ ਬਣਨ ਦੀ ਥਾਂ, ਨਗ ਬਣ ਕੇ ਮੈਨੂੰ ਦਿਨ ਰਾਤ ਡਸਦਾ ਰਹਿੰਦਾ ਸੀ, ਉਹ ਵੀ ਉਸੇ ਸ਼ਹਿਰ ਹੀ ਰਹਿੰਦਾ ਸੀ। ਮੈਂ ਨਹੀਂ ਸੀ ਚਾਹੁੰਦੀ ਕਿ ਉਹ ਕਦੇ ਮੈਨੂੰ ਕਿਧਰੇ ਨਜ਼ਰ ਆਏ। ਇੱਕ ਨਫ਼ਰਤ ਜਿਹੀ ਭਰ ਗਈ ਸੀ ਉਸ ਵਾਸਤੇ ਮੇਰੇ ਅੰਦਰ।

ਪ੍ਰਿੰ. ਚੋਪੜਾ : ਓਹ! ਤਾਂ ਹੀ ਤੂੰ ਟਰਾਂਸਫਰ ਕਰਵਾ ਕੇ ਇਸ ਕਾਲਜ ਆ ਗਈ। ਪਰ ਇਕੱਲੇ ਰਹਿੰਦਿਆਂ ਤੈਨੂੰ ਖ਼ਲਾਅ ਜਿਹਾ ਮਹਿਸੂਸ ਨਹੀਂ ਹੁੰਦਾ ਮੀਰਾ?

ਪ੍ਰੋ. ਮੀਰਾ : ਹਾਂ ਮੈਡਮ! ਜਦੋਂ ਰਾਤ ਡੂੰਘੀ ਹੋ ਜਾਂਦੀ ਹੈ ਤਾਂ ਕਈ ਵਾਰ ਮੈਂ ਜਾਗ ਜਾਂਦੀ ਹਾਂ। ਫਿਰ ਕਿੰਨੀ-ਕਿੰਨੀ ਦੇਰ ਨੀਂਦ ਨਹੀਂ ਆਉਂਦੀ ਤੇ ਮਨ ਉਜਾੜ ਜੰਗਲਾਂ ਵਿੱਚ ਭਟਕ-ਭਟਕ ਜਾਂਦਾ ਹੈ। ਪੁਰਾਣੇ ਜ਼ਖਮ ਮੁੜ ਤਾਜ਼ਾ ਹੋ ਜਾਂਦੇ ਹਨ ਤੇ ਮੈਂ ਹਾਉਕਿਆਂ ਗਲ ਲੱਗੀ ਪਾਸੇ ਪਰਤਣ ਲੱਗ ਜਾਂਦੀ ਹਾਂ। ਉਸ ਵਕਤ ਕਈ ਵਾਰੀ ਮੇਰੇ ਅੰਦਰੋਂ ਕੋਈ ਪੁੱਛਦਾ ਹੈ ਆਖ਼ਿਰ ਇਹ ਮਰਦ ਜਾਤ ਔਰਤ ਦੇ ਜਜ਼ਬਾਤਾਂ ਨੂੰ ਮਸਲਦੀ ਕਿਉਂ ਹੈ। ਕੀ ਉਹ ਹੱਡ-ਮਾਸ ਦੀ ਨਹੀਂ ਬਣੀ ਹੋਈ? ਕੀ ਉਸ ਨੂੰ ਵੀ ਆਪਣੇ ਖਾਵੰਦ ਦੇ ਨਾਲ-ਨਾਲ ਬਰਾਬਰ ਜ਼ਿੰਦਗੀ ਮਾਨਣ ਦਾ ਹੱਕ ਨਹੀਂ?

ਪ੍ਰਿੰ. ਚੋਪੜਾ : ਤੇਰੇ ਇਨ੍ਹਾਂ ਖਿਆਲਾਂ ਦੀ ਮੈਂ ਕਦਰ ਕਰਦੀ ਹਾਂ ਮੀਰਾ। ਬਸ, ਲੋੜ ਹੈ ਔਰਤ ਨੂੰ ਆਪਣੀ ਪਹਿਚਾਣ ਦੀ, ਆਪਣੀ ਅਹਿਮੀਅਤ ਦੀ। ਤੂੰ ਉਹ ਪਹਿਚਾਣ ਵਕਤ ਤੇ ਹੀ ਕਰ ਲਈ ਮੀਰਾ। ਮੈਂ ਤੇਰੇ ਉਸ ਚੁੱਕੇ ਬੋਲਡ ਫੈਸਲੇ ਦੀ ਤਾਰੀਫ਼ ਕਰਦੀ ਹਾਂ।

ਪ੍ਰੋ. ਮੀਰਾ : (ਭਰੇ ਗਲੇ ਵਿਚ) ਸ਼ੁਕਰੀਆ ਮੈਡਮ।

(ਵਾਇਲਨ ਦੇ ਸੁਰ ਉਭਰਕੇ ਵਾਤਾਵਰਨ ਤੇ ਛਾ ਜਾਂਦੇ ਹਨ।)

**ਆਰੀਆ ਸਮਾਜ ਰੋਡ,**
**ਸਿਰਸਾ** (**ਹਰਿਆਣਾ**)125055
**ਸੰਪਰਕ** 94660-02336

◆◆◆



# ਨਿਬੰਧ

***ਸਵੈ-ਜੀਵਨੀ ਅੰਸ਼***

## ਪੱਕੇ ਘਰ ਦੇਈਂ ਬਾਬਲਾ....

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

"ਕਦੇ ਸਾਡੇ ਵੀ ਬਨੇਰੇ ਉੱਤੇ ਬੋਲੇ ਵੇ, ਨਿੱਤ ਬੋਲਦੇ ਗੁਆਂਢੀਆਂ ਦੇ ਕਾਵਾਂ"-ਖੁੱਲ੍ਹੇ ਵਿਹੜੇ ਵਿੱਚ ਤੁਰਦੀ ਫਿਰਦੀ ਕਦੀ-ਕਦੀ ਉਹ ਗੁਣਗੁਣਾਇਆ ਕਰਦੀ ਸੀ।

ਜਦੋਂ ਉਹ ਮੇਰੇ ਨਾਲ ਇਸ ਘਰ ਵਿਚ ਆਈ ਸੀ, ਆਪਣੇ ਨਾਲ ਉਹ ਦਰਿਆ ਬਿਆਸ ਨੇੜੇ ਦੇ ਇਕ ਨਿੱਕੇ ਜਿਹੇ ਪਿੰਡ ਨੂੰ ਨਾਲ ਲਿਆਈ ਸੀ। ਉਦੋਂ ਘਰ ਕੱਚਾ ਸੀ। ਸੁਫੇ ਅੰਦਰਲੇ ਮਿੱਟੀ ਦੇ ਬਣਾਏ ਵਾਧਿਆਂ ਉਤੇ ਉਹ ਪੋਚਾ ਫੇਰ ਕੇ ਦਾਜ ਵਿੱਚ ਲਿਆਂਦੇ ਆਪਣੇ ਭਾਂਡੇ ਟਿਕਾਇਆ ਕਰਦੀ ਸੀ। ਥਾਲ, ਪਿੱਤਲ ਦੇ ਕਲੀ ਕੀਤੇ ਹੋਏ ਭਾਂਡੇ ਕੈਂਹ ਦੇ ਗਿਲਾਸ, ਕੌਲੇ, ਛੰਨੇ। ਦੋਹਣੀ ਉੱਤੇ ਉਸ ਨੇ ਆਪਣੇ ਬਾਪੂ ਮੱਖਣ ਸਿੰਘ ਦਾ ਨਾਮ ਖੁਦਵਾਇਆ ਸੀ। ਗਾਗਰ ਉੱਤੇ ਆਪਣੇ ਭਰਾ ਮਿਲਖਾ ਸਿੰਘ ਦਾ ਨਾਮ ਲਿਖਵਾਇਆ ਸੀ। ਗੜਵਾ, ਵਲਟੋਹਾ, ਪਰਾਤ, ਥਾਲਾਂ ਉਪਰ ਵੀ ਨਾਮ ਲਿਖਵਾਏ ਸਨ। ਬਾਅਦ ਵਿੱਚ ਵੀ ਜਦੋਂ ਕਦੀ ਠਠਿਆਰ ਹੋਕਾ ਦਿੰਦਾ, ਉਹ ਪੁਰਾਣੇ ਭਾਂਡਿਆਂ ਉੱਤੇ ਲਿਖੇ ਨਾਮ ਮੁੜ ਡੂੰਘੇ ਕਰਵਾ ਲੈਂਦੀ ਸੀ।

ਤੇ ਫੇਰ ਸਟੀਲ ਦੇ ਬਰਤਨ ਆ ਗਏ। ਘਰ ਵਿੱਚ ਹੁਣ ਸਟੀਲ ਦੇ ਬਰਤਨ ਹੀ ਵਰਤੇ ਜਾਂਦੇ ਸਨ। ਪਰ ਉਸ ਨੇ ਆਪਣੇ ਕੈਂਹ ਤੇ ਪਿੱਤਲ ਦੇ ਭਾਂਡੇ ਸਾਂਭੀ ਰੱਖੇ। ਹੁਣ ਵੀ ਉਹ ਇਹ ਕੈਂਹ ਤੇ ਪਿੱਤਲ ਦੇ ਭਾਂਡਿਆਂ ਨੂੰ ਮਹੀਨੇ ਵਿੱਚ ਇਕ ਵਾਰ ਮਾਂਜ ਧੋ ਕੇ ਥਾਂ ਸਿਰ ਟਿਕਾਇਆ ਕਰਦੀ ਸੀ।

ਉਸ ਨੂੰ ਮਿੱਟੀ ਦੇ ਭਾਂਡਿਆਂ ਨਾਲ ਵੀ ਖਾਸ ਮੋਹ ਸੀ। ਨਾਮੇ ਘੁਮਿਆਰ ਪਾਸੋਂ ਉਹ ਕਮਾਈ ਤੇ ਗੁੰਨੀ ਹੋਈ ਚੀਕਣੀ ਮਿੱਟੀ ਦੇ, ਚੱਕ ਉੱਤੇ ਚੜ੍ਹਾਏ ਤੇ ਭੱਠੀ ਵਿੱਚ ਪਕਾਏ ਭਾਂਡੇ, ਖਰੀਦਿਆ ਕਰਦੀ ਸੀ। ਚਾਟੀ, ਚਪਣੀਆਂ, ਘੜੇ, ਸੁਰਾਹੀਆਂ, ਕੂੰਜੇ, ਤੌੜੀਆਂ ਆਦਿ ਘਰ ਵਿੱਚ ਰੱਖਦੀ ਸੀ। ਮਿੱਟੀ ਦੀ ਬਣੀ ਹੋਈ ਗੋਲਕ ਉਹ ਕਦੀ ਨਹੀਂ ਸੀ ਖਰੀਦਦੀ। ਪਤਾ ਨਹੀਂ ਗੋਲਕ ਨਾਲ ਉਸ ਨੂੰ ਕਿਵੇਂ ਚਿੜ ਸੀ। ਮਿੱਟੀ ਦੇ ਇਹਨਾਂ ਭਾਂਡਿਆਂ ਉਤੇ ਪੱਕੇ ਰੰਗਾਂ ਨਾਲ ਫੁੱਲ ਬੂਟੇ ਚਿਤਰੇ ਹੋਏ ਸਨ। ਘੜਿਆਂ ਚਾਟੀਆਂ ਦੇ ਮੂੰਹ ਨੇੜੇ ਰੰਗਦਾਰ ਗੋਲ ਕੜੇ ਹੁੰਦੇ ਗੋਲ ਢਿੱਡਾਂ ਉੱਤੇ ਫੁੱਲਦਾਰ ਵੇਲ ਉਲੀਕੇ ਹੁੰਦੇ ਸਨ।

ਦਾਜ ਵਿੱਚ ਉਹ ਚਾਦਰਾਂ, ਸਿਰਹਾਣੇ, ਮੇਜ਼ਪੋਸ਼, ਦਰੀਆਂ, ਖੇਸ ਲਿਆਈ ਸੀ, ਚਾਦਰਾਂ

ਸਿਰਹਾਣਿਆਂ ਉਤੇ ਉਸ ਨੇ ਆਪਣੇ ਹੱਥੀਂ ਸੂਈ ਧਾਗੇ ਨਾਲ ਭਾਂਤ-ਭਾਂਤ ਦੇ ਪੰਛੀਆਂ ਨੂੰ ਕੱਢਿਆ ਸੀ-ਤੋਤੇ, ਮੋਰ, ਘੁੱਗੀਆਂ,ਗਟਾਰਾਂ, ਚਿੜੀਆਂ ਦੇ ਰੰਗਦਾਰ ਧਾਗਿਆਂ ਨਾਲ ਚਿੱਤਰ ਕੱਢੇ ਸਨ। ਕਿਸੇ ਵੀ ਚਾਦਰ ਸਿਰਹਾਣੇ ਉਤੇ ਉਸ ਨੇ ਕਾਂ ਨਹੀਂ ਸੀ ਕੱਢਿਆ। ਕਾਂ ਨਾਲ ਉਸ ਨੂੰ ਖ਼ਾਸ ਕਿਸਮ ਦੀ ਚਿੜ੍ਹ ਸੀ-ਸ਼ਾਇਦ ਇਸ ਕਰਕੇ ਕਿ ਕਾਂ ਮਾਸੂਮ ਘੁੱਗੀਆਂ ਦੇ ਆਂਡੇ ਖਾਂ ਜਾਂਦੇ ਹਨ।

ਥਾਲਾਂ ਉਤੇ ਪਾਉਣ ਲਈ ਉਸ ਨੇ ਕਰੋਸ਼ੀਏ ਨਾਲ ਵੱਡੇ ਵੱਡੇ ਰੁਮਾਲ ਵੀ ਬੁਣੇ ਸਨ। ਉਹ ਹੱਥੀਂ ਬੁਣੀਆਂ ਡੱਬੀਦਾਰ ਦਰੀਆਂ ਵੀ ਆਪਣੇ ਨਾਲ ਦਾਜ ਵਿਚ ਲਿਆਈ ਸੀ। ਦਰੀਆਂ ਉਤੇ ਉਸ ਨੇ ਨਾਮ ਵੀ ਬੁਣੇ ਸਨ-ਮੱਖਣ ਸਿੰਘ, ਮਿਲਖਾ ਸਿੰਘ, ਮਾਂ ਤਾਰੋ। 'ਉਹ' ਸ਼ਾਇਦ ਉਸ ਦੇ ਹੋਣ ਵਾਲੇ ਪਤੀ ਲਈ ਸੀ।

ਉਸ ਪਾਸ ਬਹੁਤੇ ਗਹਿਣੇ ਤਾਂ ਨਹੀਂ ਸਨ-ਫੇਰ ਵੀ ਉਸ ਪਾਸ ਗੋਖੜੂ, ਨੱਥ, ਠੂਠੀ ਫੁੱਲ, ਜੁਗਨੀ, ਕੰਗਣ, ਸਿੰਗਤਵੀਤ, ਪਿੱਪਲ ਪਤੀਆਂ ਸਨ। ਪਰ ਪਹਿਨਦੀ ਉਹ ਸਿਰਫ਼ ਕੰਨਾਂ ਦੀ ਡੰਡੀਆਂ ਹੀ ਸਨ। ਹੱਥਾਂ, ਉਂਗਲਾਂ ਤੇ ਗਲ ਦੇ ਗਹਿਣੀ ਉਹ ਕਦੀ ਨਹੀਂ ਸੀ ਪਹਿਨਦੀ।

ਉਹ ਘਰੇਲੂ ਔਰਤ ਸੀ। ਰੋਜ਼ ਨਵੇਂ ਕੱਪੜੇ ਪਹਿਨ ਕੇ, ਤਿਆਰ ਹੋ ਕੇ ਉਸ ਨੇ ਕਿਤੇ ਨਹੀਂ ਜਾਣਾ ਹੁੰਦਾ। ਫੇਰ ਵੀ ਉਸ ਨੂੰ ਸੂਟ ਖਰੀਦਣ ਦਾ ਸ਼ੌਂਕ ਸੀ, ਜਦੋਂ ਉਸ ਦੇ ਪਾਸ ਕੁਝ ਪੈਸੇ ਜੁੜਦੇ, ਉਹ ਆਪਣੇ ਲਈ ਸੂਟ ਦਾ ਕੱਪੜਾ ਖਰੀਦ ਲਿਆਉਂਦੀ। ਸਿਲਾਉਂਦੀ, ਸਾਂਭਦੀ, ਰੱਖਦੀ-ਪਰ ਵਰਤਦੀ ਬਹੁਤ ਘੱਟ।

ਲੰਮੇ ਇਲਾਜ ਕਰਵਾਨ ਦੇ ਬਾਵਜੂਦ ਉਸ ਦੀ ਕੈਂਸਰ ਦੀ ਬੀਮਾਰੀ ਵਧਦੀ ਹੀ ਗਈ, ਫੇਰ ਵੀ ਘਰ ਦਾ ਕੰਮ ਕਰਦੀ ਰਹੀ। ਥੱਕਦੀ, ਹਫਦੀ, ਬਹਿ ਜਾਂਦੀ, ਪਰ ਹਾਰਦੀ ਨਾ।

ਉਸ ਪਾਸ ਇਕ ਵੱਡੀ ਪੇਟੀ ਸੀ। ਇਸ ਪੇਟੀ ਵਿੱਚ ਉਹ ਆਪਣਾ ਸਾਮਾਨ ਸਾਂਭ ਕੇ ਰੱਖਦੀ ਸੀ। ਇਸ ਪੇਟੀ ਦੀ ਚਾਬੀ ਉਹ ਹਮੇਸ਼ਾਂ ਆਪਣੇ ਪਾਸ ਰੱਖਦੀ। ਉਸ ਤੋਂ ਬਿਨਾਂ ਕਿਸੇ ਨੂੰ ਵੀ ਇਸ ਪੇਟੀ ਨੂੰ ਖੋਹਲਣ ਦਾ ਅਧਿਕਾਰ ਨਹੀਂ ਸੀ-ਮੈਨੂੰ ਵੀ ਨਹੀਂ।

ਉਹ ਹਾਰ ਗਈ। ਪ੍ਰੀਤਮ ਕੌਰ ਦੀ ਰੂਹ ਬਿਨਾਂ ਖੰਭ ਤੋਂ ਉਡਾਰੀ ਮਾਰ ਗਈ। ਉਸ ਦੇ ਝੜੇ ਖੰਭ ਪਿੱਛੇ ਰਹਿ ਗਏ।

ਜਾਂਦੀ ਹੋਈ ਪ੍ਰੀਤਮ ਕੌਰ ਮੈਨੂੰ ਕਹਿ ਗਈ-ਮੇਰੇ ਜਾਣ ਤੋਂ ਬਾਅਦ ਮੇਰੇ ਸਿਰ੍ਹਾਣੇ ਹੇਠੋਂ ਪੇਟੀ ਦੀ ਕੁੰਜੀ ਕੱਢ ਲੈਣੀ। ਸਾਲਾਂ ਤੋਂ ਸਾਂਭ ਕੇ ਰੱਖਿਆ ਮੇਰਾ ਸਮਾਨ, ਮੇਰੀਆਂ ਦੋਹਾਂ ਭੈਣਾਂ ਅਤੇ ਦੋਹਾਂ ਬੇਟੀਆਂ ਵਿੱਚ, ਉਹਨਾਂ ਦੀ ਪਸੰਦ ਅਨੁਸਾਰ ਵੰਡ ਦੇਣਾ। ਮੇਰੇ ਸੂਟਾਂ, ਚਾਂਦਰਾਂ, ਭਾਂਡਿਆਂ ਵਿੱਚ ਮੇਰੀ ਰੂਹ ਜਿਉਂਦੀ ਰਹੇਗੀ।



ਮੈਂ ਪ੍ਰੀਤਮ ਕੌਰ ਦੀ ਅੰਤਿਮ ਅਰਦਾਸ ਭੋਗ ਤੋਂ ਬਾਅਦ, ਪੇਟੀ ਖੋਹਲੀ। ਪ੍ਰੀਤਮ ਕੌਰ ਦੇ ਸੂਟ ਇੱਕ-ਇੱਕ ਕਰਕੇ ਵਾਰੀ-ਵਾਰੀ ਉਸ ਦੀਆਂ ਦੋਹਾਂ ਭੈਣਾਂ ਬੀਰੋ ਤੇ ਜਗੀਰੋ ਵਿੱਚ ਵੰਡ ਦਿੱਤੇ। ਇੱਕ-ਇੱਕ ਚਾਦਰ, ਇੱਕ-ਇੱਕ ਦਰੀ ਅਤੇ ਇੱਕ-ਇੱਕ ਸਿਰਹਾਣੇ ਦਾ ਛਾਟ ਮੈਂ ਆਪਣੀ ਦੋਹਾਂ ਬੇਟੀਆਂ ਨੂੰ ਦੇ ਦਿੱਤੇ। ਭਾਵੇਂ ਆਪਣੀ ਮਰਜ਼ੀ ਨਾਲ ਬੇਟੀਆਂ ਨੇ ਲੈ ਲਏ। ਪ੍ਰੀਤਮ ਕੌਰ ਦੀ ਇੱਕ-ਇੱਕ ਸ਼ੀਸ਼ੇ ਵਿੱਚ ਜੜੀ ਵੱਡੀ ਤਸਵੀਰ ਮੇਰੀਆਂ ਦੋਹਾਂ ਬੇਟੀਆਂ ਨੇ ਲੈ ਲਈ। ਇਕ ਤਸਵੀਰ ਮੈਂ ਆਪਣੇ ਪਾਸ ਰੱਖ ਲਈ।

ਮੈਂ ਆਪਣੇ ਕਮਰੇ ਵਿੱਚ ਪ੍ਰੀਤਮ ਕੌਰ ਦੀ ਤਸਵੀਰ ਦੀਵਾਰ ਨਾਲ ਲਟਕਾ ਦਿੱਤੀ। ਸ਼ਾਦੀ ਸ਼ੁਦਾ ਬੇਟੀਆਂ ਨੇ ਆਪਣੇ ਕਵਾਰਟਰਾਂ ਵਿੱਚ ਢੁਕਵੀਂ ਥਾਂ, ਆਪਣੀ ਬੀਬੀ ਪ੍ਰੀਤਮ ਕੌਰ ਦੀ ਤਸਵੀਰ ਸਜਾ ਦਿੱਤੀ।

ਪੇਟੀ ਵਿੱਚ ਕਈ ਨਿੱਕੇ ਵੱਡੇ ਪਰਸ ਸਨ। ਹਰ ਪਰਸ ਵਿੱਚ ਕੁਝ ਨੋਟ ਸਨ-ਨਕਦੀ ਸੀ। ਬੱਚਿਆਂ ਦੇ ਜਨਮ ਤੋਂ ਬਾਅਦ ਵੇਲੇ ਦੇ ਕੱਪੜੇ ਸਨ-ਮੌਲੀ ਦੇ ਧਾਗੇ ਸਨ।

ਸਮਾਂ ਤਰੱਕੀ ਕਰਦਾ ਗਿਆ। ਮਨੁੱਖ ਪਛੜਦਾ ਗਿਆ। ਵਰਤੋਂ-ਪਦਾਰਥ ਵਧਦੇ ਗਏ। ਦਾਈਆ ਘਟਦਾ ਗਿਆ।

'ਪੱਕੇ ਘਰ ਦੇਈਂ ਬਾਬਲਾ, ਕਿਤੇ ਲਿਪਣੇ ਨਾ ਪੈਣ ਬਨ੍ਹੇਰੇ'

ਘਰ ਪੱਕੇ ਹੋ ਗਏ ਪਰ ਪਿਆਰ ਕੱਚਾ ਹੋ ਗਿਆ। ਹੀਟਰ ਲੱਗ ਗਏ, ਪਰ ਨਿੱਘ ਘਟਦਾ ਗਿਆ।

ਧੀਆਂ ਨੇ ਆਪਣਾ ਆਪਣਾ ਫਲੈਟ ਖਰੀਦ ਲਿਆ।

ਪ੍ਰੀਤਮ ਕੌਰ ਦੇ  ਪੁਰਾਣੇ ਭਾਂਡੇ ਹੁਣ ਵਰਤੋਂ ਦੀ ਥਾਂ ਬੈਠਕ ਵਿਚ ਸਜ ਗਏ। ਰੀਝਾਂ ਨਾਲ ਕੱਢੀਆਂ ਫੁਲਕਾਰੀਆਂ ਦੀਵਾਰਾਂ ਨਾਲ ਲੱਗ ਕੇ ਖਲੋ ਗਈਆਂ। ਕਰਮ ਖੇਤਰ ਤੋਂ ਤਿਲਾਂਜਲੀ ਲੈ ਸਭਿਆਚਾਰ ਬੈਠਕਾਂ ਤੱਕ ਸੀਮਤ ਹੋ ਗਿਆ ਸੀ। ਗਿੱਧੇ ਭੰਗੜੇ ਕਾਲਜ ਦੀਆਂ ਸਟੇਜਾਂ ਤੱਕ ਸੀਮਤ ਹੋ ਗਏ ਸਨ।

ਅਧਿਆਪਕ ਸੜਕਾਂ ਉੱਤੇ ਸਨ ਜਾਂ ਅਦਾਲਤਾਂ ਵਿੱਚ। ਸਕੂਲ ਖਾਲੀ ਸਨ। ਸਾਰੀਆਂ ਮੁੱਖ ਸੜਕਾਂ ਉੱਤੇ ਉਪਜਾਊ ਜ਼ਮੀਨ ਉੱਤੇ ਆਲੀਸ਼ਾਨ ਤਕਨੀਕੀ ਸਿੱਖਿਆ ਇਮਾਰਤਾਂ ਉਸਰ ਆਈਆਂ ਸਨ। ਠੇਕਿਆਂ, ਡੇਰਿਆਂ ਵਿੱਚ ਅੱਧਪੜ ਅਨਪੜ੍ਹ ਰਬੋਟੀ ਯੁਵਕਾਂ ਦੀਆਂ ਭੀੜਾਂ ਉਮੰਡ ਆਈਆਂ ਸਨ।

ਅਧਿਆਪਕ ਸੜਕਾਂ ਉੱਤੇ ਸਨ ਜਾਂ ਅਦਾਲਤਾਂ ਵਿੱਚ। ਸਕੂਲ ਖਾਲੀ ਸਨ। ਸਾਰੀਆਂ ਸੜਕਾਂ ਉਤੇ ਉਪਜਾਊ ਜ਼ਮੀਨ ਉਤੇ ਆਲੀਸ਼ਾਨ ਤਕਨੀਕੀ ਸਿੱਖਿਆ ਇਮਾਰਤਾਂ ਉਸਰ ਆਈਆਂ ਸਨ। ਠੇਕਿਆਂ, ਡੇਰਿਆਂ ਵਿਚ ਅੱਧਪੜ ਅਨਪੜ੍ਹ ਰਬੋਟੀ ਯੁਵਕਾਂ ਦੀਆਂ ਭੀੜਾਂ ਉਮੰਡ ਆਈਆਂ ਸਨ।

ਖੇਡਾਂ ਨਹੀਂ ਹੁੰਦੀਆਂ। ਖੇਡ ਟੂਰਨਾਮੈਂਟ ਹੁੰਦੇ ਹਨ। ਨਸ਼ਿਆਂ ਦੇ ਯੱਗ ਲੱਗਦੇ ਹਨ। ਮੰਤਰੀ ਟਰਾਫ਼ੀਆਂ ਵੰਡਦੇ ਹਨ। ਡਾਲਰ ਨੱਚਦੇ ਹਨ। ਡੌਲੇ ਨਹੀਂ ਫਰਕਦੇ। ਦਿਲ ਨਹੀਂ ਧੜਕਦੇ।

'ਸਾਡੇ ਪਿੰਡ ਦੇ ਮੁੰਡੇ ਵੇਖ ਲਓ, ਜਿਉਂ ਟਾਹਲੀ ਦੇ ਪਾਵੇ
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ, ਪਿੰਜਣੀ ਨਾਲ ਸੁਹਾਵੇ।'

ਐਸੇ ਮੁੰਡੇ ਸ਼ਾਇਦ ਕਿਧਰੇ ਅਜਾਇਬ ਘਰ ਲੱਕੜ ਜਾਂ ਮਿੱਟੀ ਦੇ ਮਾਡਲ ਦੇ ਰੂਪ ਵਿੱਚ ਤਾਂ ਭਾਵੇਂ ਮਿਲ ਜਾਣ।

ਵਿਦੇਸ਼ੀ ਕੰਪਨੀਆਂ ਦੀ ਆਮਦ ਹੈ। ਮੰਡੀ ਪਰਧਾਨ ਹੈ। ਖਪਤਵਾਦ ਦਾ ਯੁੱਗ ਹੈ। ਹਰ ਕਦਰ ਦੀ ਕੀਮਤ ਬਾਜ਼ਾਰ ਦੇ ਹਿਸਾਬ ਨਾਲ ਤਹਿ ਹੁੰਦੀ ਹੈ।

ਮੈਂ ਆਪਣੀ ਬੇਟੀ ਦੇ ਫਲੈਟ ਵਿੱਚ ਪਰਵੇਸ਼ ਕੀਤਾ। ਦਰਵਾਜੇ ਸਾਹਮਣੇ ਪ੍ਰੀਤਮ ਕੌਰ ਦੇ ਹੱਥੀਂ ਕੱਢਿਆ ਤਾਹਰੂ ਵਿਛਿਆ ਪਿਆ ਸੀ। ਬੈਠਕ ਦੀ ਨੁਕਰੇ ਗਾਗਰ ਹੁੰਦੀ ਸੀ-ਉਪਰ ਫੁੱਲਦਾਨ ਸੀ। ਹੁਣ ਉਹ ਗਾਗਰ ਲੈਟਰੀਨ ਵਿੱਚ ਪਾਣੀ ਦੀ ਭਰੀ, ਨੰਗੇ ਮੂੰਹ ਪਈ ਸੀ।

ਬੂਟਿਆਂ ਵਾਲੀ ਦਰੀ, ਜਿਸ ਉੱਤੇ ਮਿਲਖਾ ਸਿੰਘ ਦਾ ਨਾਮ ਕੱਢਿਆ ਹੋਇਆ ਸੀ-ਡੌਗੀ ਬੁਸ਼ ਦੇ ਹੇਠਾਂ ਵਿਛੀ ਪਈ ਸੀ। ਦਰੀ ਉਤੇ ਬੈਠਾ ਬੁਸ਼ ਪੁਰਾਣੀ ਹੱਡੀ ਚੂੰਢ ਰਿਹਾ ਸੀ। ਬੈਠਕ ਵਿੱਚ ਪ੍ਰੀਤਮ ਕੌਰ ਦੀ ਤਸਵੀਰ ਜਿੱਥੇ ਲੱਗੀ ਹੁੰਦੀ ਸੀ ਹੁਣ ਉਥੇ ਔਰਤ ਦੀ ਕਿੱਟੀ ਪਾਰਟੀ ਦੀ ਤਸਵੀਰ ਲੱਗੀ ਹੋਈ ਸੀ। ਮੈਂ ਸਾਰੇ ਕਮਰਿਆਂ ਅੰਦਰ, ਦੀਵਾਰਾਂ ਉਤੇ ਅਲਮਾਰੀਆਂ ਵਿੱਚ ਝਾਤੀ ਮਾਰੀ, ਪ੍ਰੀਤਮ ਕੌਰ ਕਿਧਰੇ ਨਹੀਂ ਸੀ।

ਜਨਮ ਦਿਨ ਦੇ ਮੌਕੇ ਸਮੇਂ ਮੈਂ ਆਪਣੀ ਦੂਜੀ ਬੇਟੀ ਦੇ ਘਰ ਗਿਆ। ਉਚੀ ਆਵਾਜ਼ ਵਿੱਚ ਡਿਸਕੋ ਵਜ ਰਿਹਾ ਸੀ। "ਏਥੇ ਤੂੰ ਪਿੱਤਲ, ਕਾਂਸੀ ਦੇ ਭਾਂਡੇ ਸਜਾਏ ਹੋਏ ਸਨ। ਹੁਣ ਕਿਤੇ ਦਿਸਦੇ ਨਹੀਂ?" 'ਭਾਂਡੇ ਤਾਂ ਮੈਂ ਕਬਾੜੀ ਨੂੰ ਵੇਚ ਦਿੱਤੇ। ਏਥੇ ਮਿਊਜ਼ੀਕਲ ਸਿਸਟਿਮ ਫਿੱਟ ਕਰਨਾ ਸੀ ਨਾ'-ਬੇਟੀ ਨੇ ਕਿਹਾ। ਦੋ ਕਮਰਿਆਂ ਨੂੰ ਮਿਲਾਣ ਵਾਲੇ ਰਸਤੇ ਦੀ ਦੀਵਾਰ ਉੱਤੇ ਪ੍ਰੀਤਮ ਕੌਰ ਦੀ ਤਸਵੀਰ ਲੱਗੀ ਹੋਈ ਸੀ-ਹੁਣ ਹੈ ਹੀ ਨਹੀਂ ਸੀ। ਮੈਂ ਏਧਰ ਓਧਰ ਵੇਖਿਆ ਪਰ ਤਸਵੀਰ ਕਿਧਰੇ ਮੈਨੂੰ ਨਜ਼ਰ ਨਾ ਆਈ। ਤਸਵੀਰ ਤਾਂ ਸਟੋਰ ਰੂਮ ਵਿਚ ਪਈ ਸੀ ਅਟੈਚੀਆਂ ਹੇਠਾਂ। ਪਰ ਇਹ ਤਾਂ ਸਿਰਫ਼ ਫਰੇਮ ਸੀ-ਪ੍ਰੀਤਮ ਕੌਰ ਗੈਰ ਹਾਜ਼ਰ ਸੀ।

ਮੇਰੇ ਆਪਣੇ ਕਮਰੇ ਵੀ ਦੀਵਾਰ ਉੱਤੇ ਪ੍ਰੀਤਮ ਕੌਰ ਹਾਜ਼ਰ ਸੀ। ਪਰ ਹੁਣ ਉਸ ਦੀ ਮੁਸਕਾਨ ਗਾਇਬ ਸੀ।

ਮਰਨ ਉਪਰੰਤ ਮੈਂ ਆਪਣਾ ਸਰੀਰ ਤਾਂ ਇੱਕ ਮੈਡੀਕਲ ਕਾਲਜ ਹਸਪਤਾਲ ਨੂੰ ਦਾਨ ਕੀਤਾ ਹੋਇਆ ਸੀ। ਮੈਂ ਆਪਣੀ ਵਸੀਅਤ ਵਿੱਚ ਇਹ ਗੱਲ ਵੀ ਲਿਖਵਾ ਦਿੱਤੀ ਕਿ ਮੇਰੇ ਮਰਨ ਉਪਰੰਤ ਮੇਰੀ ਦੇਹ ਦੀ ਥਾਂ, ਮੇਰੀਆਂ ਸਾਰੀਆਂ ਤਸਵੀਰਾਂ ਜਿਹੜੀ ਵੀ ਕਿਤੇ ਹੋਵੇ, ਦਾ ਦਾਹ ਸੰਸਕਾਰ ਕੀਤਾ ਜਾਵੇ।

ਪ੍ਰੀਤਮ ਕੌਰ ਬੱਚਿਆਂ ਨੂੰ ਤਿਆਰ ਕਰਕੇ ਸਕੂਲ ਭੇਜਦੀ ਸੀ। ਮੱਝ ਸਾਂਭਦੀ ਸੀ। ਦੁੱਧ ਚੋਂਦੀ ਸੀ, ਦਹੀਂ ਰਿੜਕਦੀ ਸੀ। ਕੰਮ ਕਰਦੀ ਥਕਦੀ ਸੀ, ਹਫਦੀ ਸੀ, ਬਹਿ ਜਾਂਦੀ ਸੀ, ਪਰ ਹਾਰਦੀ ਨਹੀਂ ਸੀ।

ਅੱਜ ਪ੍ਰੀਤਮ ਕੌਰ ਹਾਰ ਗਈ ਸੀ।

**ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ** -141114
94638-08697

◆◆◆

# ਮੇਰੇ ਨਾਟਕ ਤੇ ਰੰਗਮੰਚ ਦਾ ਸਫ਼ਰ

**-ਸੁਖਮਿੰਦਰ ਸੇਖੋਂ**

ਮੇਰੇ ਰੰਗਮੰਚ ਦਾ ਸਫ਼ਲ ਸਕੂਲ ਤੋਂ ਆਰੰਭ ਹੁੰਦਾ ਹੈ। ਪ੍ਰੰਤੂ ਉਦੋਂ ਪਤਾ ਹੀ ਨਹੀਂ ਸੀ ਹੁੰਦਾ ਕਿ ਰੰਗਮੰਚ ਕੀ ਹੁੰਦਾ ਹੈ ਤੇ ਇਹ ਕਿਸ ਬਲਾ ਦਾ ਨਾਂ ਹੈ। ਜੇਕਰ ਥੋੜੀ ਖ਼ਬਰ ਸੀ ਤਾਂ ਸਿਰਫ਼ ਇਤਨੀ ਕਿ ਕਿਸੇ ਵੀ ਕਿਤਾਬ ਜਾਂ ਰਸਾਲੇ ਦੇ ਵਰਕੇ ਉਲਟਾਓ ਤੇ ਜਿਹੜੇ ਵੀ ਇਕਾਂਗੀ ਜਾਂ ਨਾਟਕ 'ਤੇ ਤੁਹਾਡੀ ਨਜ਼ਰ ਅਟਕ ਕੇ ਰਹਿ ਗਈ ਬੱਸ ਖੇਡ ਦਿਓ ਉਹ ਇਕਾਂਗੀ, ਨਾਟਕ! ਜਾਂ ਫਿਰ ਆਪਣੇ ਅਧਿਆਪਕਾਂ 'ਤੇ ਛੱਡ ਦਿੱਤਾ ਜਾਂਦਾ ਸੀ। ਸਭ ਤੋਂ ਪਹਿਲਾਂ ਇਕਾਂਗੀ ਜੋ ਮੈਨੂੰ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ ਉਹ ਸੀ ਡਾ. ਹਰਚਰਨ ਸਿੰਘ ਦਾ-ਨਵੀਂ ਰੌਸ਼ਨੀ। ਨਵਾਂ ਨਕੋਰ ਵਿਸ਼ਾ। ਜੇਕਰ ਪੜ੍ਹਾਈ ਲਿਖਾਈ ਤੇ ਕੁਦਰਤੀ ਸੁੰਦਰਤਾ ਦਾ ਸੁਮੇਲ ਹੋ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਮੈਂ ਤੇ ਰਾਣੀ ਨੇ ਇਸ ਵਿਚ ਪਾਰਟ ਕੀਤਾ। ਇਹ ਉਹ ਜ਼ਮਾਨੇ ਦਾ ਇਕ ਮਾਡਰਨ ਨਾਟਕ ਸੀ। ਇਸ ਉਪਰੰਤ ਬਲਵੰਤ ਗਾਰਗੀ ਦਾ 'ਬੇਬੇ' ਸਟੇਜ ਕਰਨ ਦਾ ਅਵਸਰ ਮਿਲਿਆ। ਇਹ ਇਕਾਂਗੀ ਮੈਨੂੰ ਨਿੱਜੀ ਤੌਰ ਤੇ ਇਸ ਲਈ ਵੀ ਪਸੰਦ ਸੀ ਚੂੰਕਿ ਇਸ ਵਿੱਚ ਬੇਬੇ, ਯਾਨੀ ਕਿ ਮਾਂ ਦਾ ਕਿਰਦਾਰ ਬਹੁਤ ਸ਼ਕਤੀਸ਼ਾਲੀ ਸੀ ਤੇ ਮੇਰੇ ਨਾਨਕੀ-ਪਹਾੜਪੁਰ (ਨਾਭਾ) ਵਿੱਚ ਮੈਨੂੰ ਇਸ ਤਰ੍ਹਾਂ ਦੀਆਂ ਮਾਵਾਂ ਦੇ ਦਰਸ਼ਨ ਹੁੰਦੇ ਰਹਿੰਦੇ ਸਨ ਜਦੋਂ ਵੀ ਮੈਂ ਛੁੱਟੀਆਂ ਕੱਟਣ ਉੱਥੇ ਜਾਂਦਾ ਸਾਂ। ਪਹਿਲਾਂ ਮੈਨੂੰ ਇਸ ਬਾਰੇ ਭੋਰਾ ਇਲਮ ਨਹੀਂ ਸੀ ਕਿ ਨਿਰਦੇਸ਼ਨ ਜਾਂ ਡਾਇਰੈਕਸਨ ਕੀ ਹੁੰਦੀ ਹੈ, ਬੱਸ ਜੇਕਰ ਪਤਾ ਸੀ ਤਾਂ ਫਿਲਮੀ ਡਾਇਰੈਕਸ਼ਨ ਦਾ ਪਤਾ ਸੀ ਚੂੰ ਕਿ ਪੋਸਟਰਾਂ ਤੇ ਸਕਰੀਨਾਂ ਉਤੇ ਡਾਇਰੈਕਟਰ ਦਾ ਮੋਟੇ ਅੱਖਰਾਂ ਵਿੱਚ ਨਾਉਂ ਆਉਂਦਾ ਸੀ। ਹਾਂਅ! ਇਤਨਾ ਜ਼ਰੂਰ ਸਮਝ ਲਿਆ ਸੀ ਕਿ ਐਕਟਿੰਗ ਜਾਂ ਅਦਾਕਾਰੀ ਕੀ ਹੁੰਦੀ ਹੈ ਤੇ ਮੈਂ

ਵੀ ਇਹ ਕਰ ਲੈਂਦਾ ਹਾਂ। ਸਕੂਲ ਤੋਂ ਬਾਅਦ ਕਾਲਜ, ਆਈ.ਟੀ.ਆਈ. ਵਿੱਚ ਵੀ ਨਾਟਕਾਂ 'ਚ ਕੰਮ ਕਰਨ ਦਾ ਬਰਾਬਰ ਮੌਕਾ ਮਿਲਦਾ ਰਿਹਾ। ਭਾਸ਼ਾ ਵਿਭਾਗ, ਐਚ.ਐਮ.ਟੀ. ਜਾਂ ਹੋਰ ਸਾਹਿਤਕ, ਸਭਿਆਚਾਰਕ ਤੇ ਦੂਸਰੇ ਵੱਖ-ਵੱਖ ਅਦਾਰਿਆਂ ਵਿੱਚ ਜਾਣ ਦਾ ਅਵਸਰ ਮਿਲਦਾ ਰਿਹਾ। ਸਭ ਤੋਂ ਵੱਧਕੇ ਗੁਰਸ਼ਰਨ ਸਿੰਘ ਹੁਰਾਂ ਦੇ ਨਾਟਕ ਖੇਡੇ ਕਿਉਂਕਿ ਉਹਨਾਂ ਦਾ ਨਾਭੇ ਦੇ ਸਰਦਾਰੀ ਰਿਪੁਦਮਨ ਕਾਲਜ ਵਿੱਚ ਖੇਡਿਆ ਨਾਟਕ 'ਧਮਕ ਨਗਾਰੇ ਦੀ' ਉਨ੍ਹਾਂ ਦਿਨਾਂ ਵਿੱਚ ਬਹੁਤ ਪਸੰਦ ਆਇਆ ਸੀ। ਹਰਪਾਲ ਟਿਵਾਣੇ ਦਾ ਲੌਂਗ ਦਾ ਲਿਸ਼ਕਾਰਾ, ਹਿੰਦ ਦੀ ਚਾਦਰ ਤੇ ਚਰਿੱਤਰ ਫ਼ਿਲਮ ਅਦਾਕਾਰ ਮਨਮੋਹਨ ਕ੍ਰਿਸ਼ਨ ਦਾ ਲੂਣਾ ਬਾਅਦ ਵਿੱਚ ਦੇਖੇ ਸਨ। ਪੰਜਾਬੀ ਭਵਨ ਲੁਧਿਆਣਾ, ਟੈਗੋਰ ਥੀਏਟਰ ਚੰਡੀਗੜ੍ਹ, ਸੈਂਟਰਲ ਲਾਇਬ੍ਰੇਰੀ ਪਟਿਆਲਾ ਉਦੋਂ ਡਰਾਮਿਆਂ ਦੇ ਗੜ੍ਹ ਹੁੰਦੇ ਸਨ। ਹਾਅ! ਪੰਜਾਬ ਤੇ ਪੰਜਾਬੀ ਯੂਨੀਵਰਸਿਟੀ ਵਿੱਚ ਵੀ ਰੰਗਮੰਚ ਸਿਖਾਇਆ ਜਾ ਪੜ੍ਹਾਇਆ ਜਾਂਦਾ ਸੀ। ਨਾਟਕ ਮੁਕਾਬਲੇ ਤੇ ਮੇਲੇ ਦੋਵੇਂ ਹੁੰਦੇ ਹਨ। ਗਾਰਗੀ, ਸੇਠੀ ਦਾ ਆਪਣਾ ਰੰਗਮੰਚ ਸੀ ਤੇ ਗੁਰਸ਼ਰਨ ਭਾਜੀ ਦਾ ਆਪਣਾ ਇਕ ਵੱਖਰਾ ਸਟਾਈਲ! 'ਕਲਾ ਨੂੰ ਕਲਾ ਲਈ' ਮੰਨਣ ਵਾਲੇ ਤਾਂ ਉਨ੍ਹਾਂ ਦੇ ਨਾਟਕਾਂ ਤੇ ਰੰਗਮੰਚ ਨੂੰ ਮੰਨਦੇ ਹੀ ਨਹੀਂ ਸਨ। ਕੇਵਲ ਪ੍ਰਚਾਰ ਕਹਿਕੇ ਨੱਕ ਬੁੱਲ੍ਹ ਅਟੇਰ ਲੈਂਦੇ ਸਨ। ਬੇਸ਼ੱਕ ਮੈਂ ਕਲਾ ਵਾਲਿਆਂ ਕੋਲੋਂ ਵੀ ਸਿੱਖਿਆ ਪਰ ਗੁਰਸ਼ਰਨ ਨੂੰ ਵੀ ਗੰਭੀਰਤਾ ਨਾਲ ਲਿਆ। ਗਾਰਗੀ, ਗੁਰਸ਼ਰਨ ਤੋਂ ਇਲਾਵਾ ਹਰਸਰਨ ਸਿੰਘ, ਜਸੂਜਾ ਤੇ ਖੋਸਲਾ ਨੂੰ ਵੀ ਪੜ੍ਹਿਆ ਤੇ ਉਨ੍ਹਾਂ ਦੀਆਂ ਨਾਟਕੀ ਕਿਰਤਾਂ ਨੂੰ ਸਟੇਜ ਦਿੱਤੀ। ਰਮੇਸ਼ ਮਹਿਤਾ, ਬਾਦਲ ਸਰਕਾਰ, ਮੋਹਨ ਰਾਕੇਸ਼ ਆਦਿ ਦੇ ਨਾਲ ਨਾਲ ਚੈਖਵ, ਲਿਓ ਤਾਲਸਤਾਏ ਦੀ ਅਡਾਪਟੇਸ਼ਨ (ਦਲਦਲ) ਕਹਾਣੀਕਾਰ ਕਿਰਪਾਲ ਕਜ਼ਾਕ ਨੇ ਕੀਤੀ ਸੀ। ਸ਼ਾਇਦ ਚੰਡੀਗੜ੍ਹ ਤੇ ਨਵੀਂ ਦਿੱਲੀ ਵਿੱਚ ਖੇਡਿਆ ਗਿਆ। ਇਸ ਤਰ੍ਹਾਂ ਸਕੂਲ ਕਾਲਜ ਇੰਸਟੀਚਿਊਟਾਂ ਵਿੱਚ ਇਕਾਂਗੀ ਨਾਟਕ ਖੇਡਦਿਆਂ ਤੇ ਫਿਰ ਸਰਕਾਰੀ ਸੇਵਾ ਵਿੱਚ ਆਉਣ ਤੋਂ ਬਾਅਦ ਵੀ ਨਾਟਕ ਗਤੀਵਿਧੀਆਂ ਜਾਰੀ ਰਹੀਆਂ। ਕਿਸੇ ਨਾਟਕਕਾਰ ਦਾ ਸਿੱਧਾ ਪ੍ਰਭਾਵ ਤਾਂ ਨਹੀਂ ਕਿਹਾ ਜਾ ਸਕਦਾ ਪਰ ਮੈਥੋਂ ਇਕ ਨਾਟਕ ਹਿੰਦੀ ਵਿੱਚ ਲਿਖ ਹੋ ਗਿਆ ਜਿਸ ਦਾ ਨਾਂ ਸੀ ਜ਼ਰਾ ਸੇ ਗਮ। ਖੇਡਿਆ ਤਾਂ ਕੁਝ ਦੋਸਤਾਂ ਮਿੱਤਰਾਂ ਰਲਕੇ ਬਲਕਿ ਇਸ ਤੇ ਇਕ ਟੈਲੀਫ਼ਿਲਮ ਵੀ ਬਣਾ ਛੱਡੀ। ਕੈਮਰੇ ਮੂਹਰੇ ਖੜ੍ਹਣ ਦਾ ਜਨੂੰਨ ਵੀ ਤਾਂ ਸੀ! ਮੈਨੂੰ ਥੋੜ੍ਹਾ ਘੱਟ, ਮਿੱਤਰਾਂ ਨੂੰ ਕੁਝ ਜ਼ਿਆਦਾ। ਫੇਰ ਮੇਰ ਕੋਲ ਇਕ ਪੰਜਾਬੀ ਨਾਟਕ ਵੀ ਲਿਖਿਆ ਗਿਆ ਜਿਸ ਦਾ ਨਾਂ ਸੀ 'ਪਾਗਲ ਕਿਸੇ ਥਾਂ ਦੇ'। ਖੁਦ ਵੀ ਸੈਂਟਰਲ ਪਬਲਿਕ ਲਾਇਬਰੇਰੀ ਤੇ ਹੋਰ ਥਾਵਾਂ ਤੇ ਖੇਡਿਆ। ਇਸ ਵਿੱਚ ਮਰਹੂਮ ਰੰਗਕਰਮੀ ਫੂਲਚੰਦ, ਅਭਿਨੇਤਰੀ ਜਸਵਿੰਦਰ ਮਾਂਗਟ, ਡਾਕਟਰ ਸੁਰਜੀਤ ਸਿੰਘ ਭਾਸ਼ਾ ਵਿਭਾਗ ਨੇ ਵੀ ਕਿਰਦਾਰ ਨਿਭਾਏ ਸਨ ਤੇ ਡਾਕਟਰ ਦੀ ਭੂਮਿਕਾ ਗ਼ਜ਼ਲਕਾਰ ਡਾ. ਸੁਰਜੀਤ ਜੱਜ ਨੇ ਨਿਭਾਈ ਸੀ।



ਰੰਗਮੰਚ ਤੇ ਨਾਟਕਾਂ ਦੀ ਗੱਡੀ ਵਾਹਵਾ ਚੱਲ ਨਿਕਲੀ। ਪ੍ਰੋ. ਅਜਮੇਰ ਔਲਖ ਤੇ ਡਾਕਟਰ ਆਤਮਜੀਤ ਦੇ ਬਹੁਤ ਸਾਰੇ ਨਾਟਕਾਂ ਵਿੱਚ ਭਾਗ ਲਿਆ ਤੇ ਨਿਰਦੇਸ਼ਨ ਵੀ ਦਿੱਤਾ। ਇਸ਼ਕ ਜਿਨਾਂ ਦੀ ਹੱਡੀ ਰਚਿਆ, ਅੰਨੇ ਕਾਣੇ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਕਿੱਸਾ ਸੁਲਤਾਨ ਦਾ ਵਗੈਰਾ ਵਗੈਰਾ। ਪਾਗਲ ਕਿਸੇ ਥਾਂ ਦੇ ਤੋਂ ਬਾਅਦ ਮੇਰੇ ਲਿਖੇ ਨਕਾਬਪੋਸ਼, ਹੀਰੋ ਨਹੀਂ ਆਏਗਾ, ਆਓ ਦਫ਼ਤਰ ਚੱਲੀਏ, ਜੰਗਲ ਦਾ ਰਾਜ, ਮੌਤ ਦਰ ਮੌਤ-ਪਤਾ ਨਹੀਂ ਕਿਤਨੇ ਹੀ ਨਾਟਕ ਹੋਰਾਂ ਨਿਰਦੇਸ਼ਕਾਂ ਨੇ ਸਟੇਜ ਕੀਤੇ ਤੇ ਮੈਂ ਖੁਦ ਵੀ। ਜੇਕਰ ਦੂਸਰੇ ਨਿਰਦੇਸ਼ਕਾਂ ਦਾ ਨਾਂ ਨਾ ਲਿਆ ਤਾਂ ਅਨਿਆਏ ਹੋਵੇਗਾ। ਸਭ ਤੋਂ ਵੱਧਕੇ ਮੇਰਾ ਪਿਆਰ ਰੰਗਕਰਮੀ ਮਿੱਤਰ ਗੁਲਜ਼ਾਰ ਪਵਾਰ ਯਾਦ ਆਉਂਦਾ ਹੈ, ਵਿਜੈ-ਸਿੰਗਲਾ, ਵਿਨੋਦ ਕੌਂਸਲ, ਫੂਲ ਚੰਦ, ਡਾ. ਰੋਮੇਸ਼ ਸ਼ਰਮਾ ਆਦਿ ਸਾਰੇ ਹੀ ਜਾਣ ਪਛਾਣ ਦੇ ਤੇ ਸੰਪਰਕ ਵਿੱਚ ਆਏ ਰੰਗਕਰਮੀਆਂ ਨੇ ਮੈਨੂੰ ਕੁਝ ਦਿੱਤਾ ਹੀ ਹੈ, ਲਿਆ ਕੁਝ ਵੀ ਨਹੀਂ। ਮੇਰੇ ਨਾਟਕ ਨਕਾਬਪੋਸ਼, ਪਾਗਲ ਕਿਸੇ ਥਾਂ ਦੇ ਜੰਗਲ, ਆਓ ਦਫ਼ਤਰ ਚੱਲੀਏ, ਹੀਰੋ ਨਹੀਂ ਆਏਗਾ ਚੌਂਕ ਵਿਚ ਖੜ੍ਹੇ ਪੇਸ਼ਾਵਰ ਨੂੰ ਕਾਮਯਾਬ ਬਣਾਉਣ ਵਿੱਚ ਮੇਰੇ ਮਿੱਤਰ ਰੰਗਕਰਮੀਆਂ ਦਾ ਵੀ ਅਹਿਮ ਯੋਗਦਾਨ ਰਿਹਾ। ਚੌਂਕ ਵਿੱਚ ਖੜ੍ਹੇ ਪੇਸ਼ਾਵਰ ਤਿੰਨ ਪਾਤਰੀ ਨਾਟਕ ਹੈ ਜੋ ਬਾਦਲ ਸਰਕਾਰ ਦੇ ਤਿੰਨ ਪਾਤਰੀ ਨਾਟਕ ਸਾਰੀ ਰਾਤ ਨਾਲ ਹੀ ਪਹਿਲਾਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ ਸਟੇਜ ਹੋਇਆ ਸੀ ਤੇ ਫੇਰ ਹੋਰ ਸ਼ਹਿਰਾਂ ਵਿੱਚ ਵੀ। ਇਹ ਦੋਵੇਂ ਨਾਟਕ ਸਿਲੈਕਟਡ ਆਡੀਐਂਸ ਵਾਸਤੇ ਸਨ, ਇਸ ਲਈ ਪਿੰਡਾਂ ਵਿੱਚ ਨਹੀਂ ਸਨ ਹੋ ਸਕਦੇ। ਇਹਨਾਂ ਨੂੰ ਮੁੱਲਵਾਨ ਹੁੰਗਾਰਾ ਮਿਲਿਆ। ਹੀਰੋ ਨਹੀਂ ਆਏਗਾ ਦੇ ਵੀ ਵੱਖ-ਵੱਖ ਜਗ੍ਹਾ ਸ਼ੋਅ ਹੋਏ ਪ੍ਰੰਤੂ ਅੰਬਾਲੇ ਤੇ ਚੰਡੀਗੜ੍ਹ ਅਤੇ ਪਟਿਆਲੇ ਦੇ ਦਰਸ਼ਕਾਂ ਨੇ ਤਾਂ ਬਹੁਤ ਹੀ ਪਸੰਦ ਕੀਤਾ। ਰੇਲਵੇ ਵਰਕਸ਼ਾਪ ਦੇ ਆਡੀਟਰੀਅਮ ਵਿੱਚ ਖੜ੍ਹਨ ਨੂੰ ਵੀ ਜਗ੍ਹਾ ਨਹੀਂ ਸੀ। ਪ੍ਰੰਤੂ ਪੰਜਾਬੀ ਯੂਨੀਵਰਸਿਟੀ ਦੇ ਆਰਟਸ ਆਡੀਟੋਰੀਅਮ ਵਿੱਚ ਬੇਸ਼ੱਕ ਦਰਸ਼ਕਾਂ ਨੇ ਤਾਂ ਇਸ ਨੂੰ ਚੰਗਾ ਹੁੰਗਾਰਾ ਦਿੱਤਾ ਪ੍ਰੰਤੂ ਦੋ ਇਕ ਬੁੱਧੀਜੀਵੀਆਂ ਨੂੰ ਇਸ ਦੀ ਭਾਸ਼ਾ ਦੇ ਵਿਗਾੜ ਤੇ ਇਤਰਾਜ਼ ਸੀ। ਡਾਕਟਰ ਕਮਲੇਸ਼ ਉਪਲ ਨੇ ਇਸ ਦੀ ਸਮੀਖਿਆ ਉਸ ਵੇਲੇ ਦੇ ਨਾਟਕੀ ਤੇ ਰੰਗਮੰਚੀ ਪਰਚੇ 'ਮੰਚਣ' ਵਿਚ ਵੀ ਕੀਤੀ ਪ੍ਰੰਤੂ ਇਸ ਤੋਂ ਅਗਲਾ ਅੰਕ ਇਸ ਪੱਤ੍ਰਿਕਾ ਦਾ ਸਾਹਮਣੇ ਨਾ ਆ ਸਕਿਆ। ਦਰਅਸਲ ਪੰਜਾਬੀ ਵਿੱਚ ਸਾਹਿਤਕ ਪਰਚੇ ਛਾਪਣੇ 'ਘਰ ਫੂਕ ਤਮਾਸ਼ਾ ' ਦੇਖਣ ਵਾਲਾ ਪ੍ਰਸ਼ਨ ਹੈ ਜਿਸ ਦਾ ਕੋਈ ਹੱਲ ਨਹੀਂ। ਡਾਕਟਰ ਆਤਮਜੀਤ ਹੀ ਇਸ ਬਾਰੇ ਚੰਗੀ ਤਰ੍ਹਾਂ ਦੱਸ ਸਕਦੇ ਹਨ। ਇਸ ਤੋਂ ਪਹਿਲਾਂ ਮੇਰਾ ਨਾਟਕ ਚੌਂਕ ਵਿੱਚ ਖੜ੍ਹੇ ਪੇਸ਼ਾਵਰ ਵੀ ਉਨ੍ਹਾਂ ਨੇ ਹੀ ਇਸ ਵਿੱਚ ਪ੍ਰਕਾਸ਼ਿਤ ਕੀਤਾ ਸੀ। ਸਿਵਾਏ ਤਿੰਨ ਵੱਡੇ ਨਾਟਕਾਂ ਤੋਂ ਬਿਨਾਂ ਇਹ ਸਾਰੇ ਨਾਟਕ ਮੇਰੀ ਨਾਟ ਕਿਤਾਬ 'ਹੀਰੋ ਨਹੀਂ ਆਏਗਾ' ਵਿੱਚ ਸ਼ਾਮਿਲ ਹਨ। ਇਸ ਪੁਸਤਕ ਨੂੰ ਪਾਠਕਾਂ, ਰੰਗਕਰਮੀਆਂ ਨੇ ਇਤਨਾ

ਹੁਲਾਰਾ ਦਿੱਤਾ ਕਿ ਇਸ ਦੇ ਸਾਰੇ ਹੀ ਨਾਟਕਾਂ ਨੂੰ ਸਨਮਾਨ ਮਿਲਿਆ। ਖਾਸ ਕਰਕੇ 'ਸਦਾ ਸੁਹਾਗਣ' ਤੇ 'ਚੌਂਕ ਵਿਚ ਖੜ੍ਹੇ ਪੇਸ਼ਾਵਰ' ਨੂੰ। ਇਹਨਾਂ ਨੂੰ ਪਹਿਲਾ ਤੇ ਦੂਸਰਾ ਸਥਾਨ ਮਿਲਿਆ। 'ਪਾਗਲ ਕਿਸੇ ਥਾਂ ਦੇ', 'ਜੰਗਲ ਦਾ ਰਾਜ' ਅਤੇ ਹੋਰ ਕਈ ਇਕਾਂਗੀ ਤੇ ਨਾਟਕ ਜਨ ਸਾਹਿਤ, ਜਾਗਰਤੀ ਆਦਿ ਪਰਚਿਆਂ ਵਿਚ ਛਪੇ। ਰਸਾਲਿਆਂ ਤੇ ਕਿਤਾਬ ਵਿੱਚ ਪੜ੍ਹਕੇ ਇਹਨਾਂ ਨੂੰ ਦੂਰ ਨੇੜੇ ਦੇ ਰੰਗ ਕਰਮੀਆਂ ਨੇ ਖੇਡਿਆ, ਕਦੇ ਮਾਣ ਰੱਖਦਿਆਂ ਬੁਲਾਇਆ ਤੇ ਕਦੇ ਕਦੇ ਤਾਂ ਪਰਵਾਨਗੀ ਤਾਂ ਕੀ ਲੈਣੀ ਸੀ, ਸੂਚਨਾ ਵੀ ਨਾ ਦਿੱਤੀ, ਬੱਸ ਦੋਸਤਾਂ ਮਿੱਤਰਾਂ ਜਾਂ ਪ੍ਰੈਸ ਰਾਹੀਂ ਹੀ ਪਤਾ ਲੱਗਦਾ ਰਿਹਾ। ਏਥੇ ਮੈਨੂੰ ਆਪਣੇ ਮੈਥੋਂ ਉਮਰ ਵਿੱਚ ਖਾਸੇ ਵੱਡੇ ਮਿੱਤਰ ਨਾਟਕਕਾਰ ਹਰਸ਼ਰਨ ਸਿੰਘ ਦਾ ਸੰਵਾਦ ਚੇਤੇ ਆਇਆ ਤੇ ਇਕ ਤਸੱਲੀ ਹੋਈ-'ਦੇਖ ਸੁਖਮਿੰਦਰ! ਤੂੰ ਖੁਸ਼ਕਿਸਮਤ ਏ-ਤੇਰੇ ਨਾਟਕ ਇੰਝ ਵੀ ਖੇਡੇ ਜਾਂਦੇ ਨੇ। ਨਹੀਂ ਮਰਨੇ ਬਾਅਦ ਕਿਸ ਭੜੂਏ ਨੇ ਪੁੱਛਣਾ ਜੇ।' ਹਰਸ਼ਰਨ ਚੰਗਾ ਨਾਟਕਕਾਰ ਸੀ ਪ੍ਰੰਤੂ ਰੰਗਕਰਮੀ ਨਹੀਂ ਸੀ ਸ਼ਾਇਦ ਇਸ ਲਈ ਉਸ ਦੇ ਨਾਟਕ ਘੱਟ ਸਟੇਜ ਹੋਏ। ਇਹ ਗੱਲ ਉਸ ਨੇ ਮੇਰੇ ਵੱਲੋਂ ਕੀਤੀ ਲੰਮੀ ਮੁਲਾਕਾਤ ਵਿੱਚ ਵੀ ਮੰਨੀ ਤੇ ਆਪਣਾ ਨਾਟ ਕਿਤਾਬ ਮੈਨੂੰ, ਭੇਟ ਕੀਤੀ ਜੋ ਮੈਨੂੰ ਕੋਰਸ ਵਿੱਚ ਵੀ ਲੱਗੀ ਰਹੀ ਸੀ। - 'ਉਦਾਸ ਲੋਕ'। ਮੈਂ ਇਸ ਨੂੰ ਸੇਟਜ ਕਰਨਾ ਚਾਹਿਆ-ਰੀਹਰਸਲਾਂ ਵੀ ਹੋਈਆਂ ਪ੍ਰੰਤੂ ਖੇਡ ਨਾ ਸਕਿਆ। ਕੁਛ ਤੇ ਹਾਲਾਤ ਰਹੇ ਹੋਂਗੇ ਜਾਂ....। ਜਿਵੇਂ ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਨਾਟਕ ਖੇਡਣਾ ਇਕ ਟੀਮ ਵਰਕ ਹੈ, ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਕਿ ਕਵਿਤਾ, ਕਹਾਣੀ, ਵਿਅੰਗ ਤੇ ਨਾਵਲ ਮੈਥੋਂ ਦੂਰ ਹੁੰਦੇ ਹੋਏ ਜਾ ਰਹੇ ਸਨ। ਮੁੜ ਏਧਰ ਧਿਆਨ ਦੇਣਾ ਸ਼ੁਰੂ ਕੀਤਾ, ਮੁੜਕੇ ਪਹਿਲਾਂ ਵਾਲੀ ਪੈਂਠ ਇਹਨਾਂ ਵੰਨਗੀਆਂ ਵਿਚ ਬਣਾਈ। ਵੱਖ ਵੱਖ ਚੰਗੇ ਰਸਾਲਿਆਂ, ਅਖ਼ਬਾਰਾਂ ਵਿਚ ਛਪਿਆ ਤੇ ਦਰਜਨ ਤੋਂ ਉਪਰ ਕਿਤਾਬਾਂ ਪ੍ਰਕਾਸ਼ਿਤ ਹੋਈਆਂ ਜਿਨ੍ਹਾਂ ਦੀ ਸਾਹਿਤਕ ਹਲਕਿਆਂ ਵਿਚ ਚਰਚਾ ਵੀ ਹੋਈ ਤੇ ਬਣਦਾ ਮੁੱਲ ਵੀ ਮਿਲਿਆ। ਰੰਗਮੰਚ ਬੇਸ਼ੱਕ ਬਿਲਕੁਲ ਛੱਡਿਆ ਤਾਂ ਨਾ ਪ੍ਰੰਤੂ ਘਟਾ ਜ਼ਰੂਰ ਦਿੱਤਾ। ਇਕ ਚੰਗੇ ਦਰਸ਼ਕ ਤੇ ਪਾਰਖੂ ਵਜੋਂ ਮੈਨੂੰ ਰੰਗਕਰਮੀ ਨਾਟਕ ਦੇਖਣ ਲਈ ਬੁਲਾਉਂਦੇ ਰਹੇ ਤੇ ਅੱਜ ਵੀ ਸੱਦਿਆ ਜਾਂਦਾ ਹੈ। ਕਹਿੰਦੇ ਵੀ ਹਨ 'ਸੇਖੋਂ ਜੀ ! ਕੋਈ ਨਾਟਕ ਲਿਖ ਛੱਡੋ.... ਅਸੀਂ ਖੇਡਣਾ ਚਾਹੁੰਦੇ ਆਂ। ਦੇਖੋ ਕਦ ਲਿਖ ਹੁੰਦੈ ਨਵਾਂ ਨਾਟਕ! ਉਂਝ ਮਰਹੂਮ ਤੇ ਸਦਾਬਹਾਰ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਜਿਸ ਦਾ ਨਾਟਕ 'ਧਮਕ ਨਗਾਰੇ ਦੀ-ਦੇਖਕੇ ਮੈਂ ਸ਼ਾਇਦ ਰੰਗਕਰਮੀ ਬਣਿਆ ਤੇ ਨਾਟਕਕਾਰ ਵੀ-ਉਸ ਦੇ ਗੜਕਵੇਂ ਬੋਲ ਹਮੇਸ਼ਾਂ ਯਾਦ ਆਉਂਦੇ ਰਹਿਣਗੇ। ਉਹ ਜਦ ਵੀ ਮਿਲਦੇ ਤਾਂ ਮੈਨੂੰ ਕਹਿੰਦੇ - ਸੁਖਮਿੰਦਰ! ਤੈਨੂੰ ਮੇਰਾ ਕੋਈ ਵੀ ਨਾਟਕ ਖੇਡਣ ਲਈ ਪਰਮੀਸ਼ਨ ਦੀ ਜ਼ਰੂਰਤ ਨਹੀਂ, ਜਦ ਵੀ ਦਿਲ ਕਰੇ ਖੇਡ ਛੱਡਿਆ ਕਰ- ਮੇਰੀ ਆਵਾਜ਼ ਨੂੰ ਹੀ ਮੇਰੇ ਵਲੋਂ ਲਿਖਿਆ



ਅਸ਼ਟਾਮ ਸਮਝ ਲਵੀਂ। ਪ੍ਰੰਤੂ ਇਸ ਦੇ ਨਾਲ ਹੀ ਹੋਰ ਵੀ ਤਾਕੀਦ ਕਰਦੇ.... 'ਤੂੰ ਨਾ ਤਾਂ ਨਾਟਕ ਲਿਖਣਾ ਕਦੇ ਛੱਡੀਂ ਤੇ ਨਾ ਹੀ ਰੰਗਮੰਚ ਦਾ ਸਾਥ ਛੋੜੀਂ... ਹੋਰ ਨਹੀਂ ਤਾਂ ਆਪਣੀ ਜਾਂ ਕਿਸੇ ਹੋਰ ਕਹਾਣੀਕਾਰ ਦੀ ਕਿਸੇ ਕਹਾਣੀ ਤੋਂ ਹੀ ਨਾਟਕ ਤਿਆਰ ਕਰ ਛੋੜਿਆ ਕਰ, ਮੋਇਆ ਪੁੱਛਦੈ!' ਉਹਨਾਂ ਦੇ ਮੇਰੇ ਚੇਤੇ ਤੇ ਫਿਜ਼ਾ ਵਿੱਚ ਗੂੰਜਦੇ ਸ਼ਬਦ ਮੈਨੂੰ ਕਦੇ ਨਹੀਂ ਭੁੱਲਣਗੇ। ਇਸੇ ਲਈ ਤਾਂ ਨਾਟਕ ਤੇ ਰੰਗਮੰਚ ਦਾ ਸਾਥ ਕਦੇ ਛੱਡਿਆ ਨਹੀਂ। ਜਦ ਵੀ ਕਦੇ ਕੋਈ ਚੰਗਾ ਨਾਟਕ ਦੀ ਕਿਤਾਬ ਚਾਹੇ ਉਹ ਕਿਸੇ ਵੀ ਜ਼ੁਬਾਨ ਵਿੱਚ ਹੋਵੇ ਪੜ੍ਹ ਛੱਡੀਦੀ ਹੈ। ਹਾਂਅ! ਵੇਖਣ ਵਾਲੀ ਗੱਲ ਇਹ ਹੈ ਕਿ ਮੈਂ ਕਦੋਂ ਨਵਾਂ ਨਾਟਕ ਲਿਖਣਾ ਹੈ ਤੇ ਉਸ ਨੂੰ ਕਿੱਥੇ ਸਟੇਜ ਕਰਨਾ ਜਾਂ ਕਰਵਾਉਣਾ ਹੈ ਇਸ ਗੱਲ ਦਾ ਫੈਸਲਾ ਵਕਤ 'ਤੇ ਛੱਡਣਾ ਪਵੇਗਾ। ਉਂਝ ਕਈ ਪਾਠਕ ਮਿੱਤਰ ਤੇ ਆਲੋਚਕ ਮੇਰੀਆਂ ਕਹਾਣੀਆਂ ਬਾਰੇ ਗੱਲ ਕਰਦਿਆਂ ਦੱਸਦੇ ਹੁੰਦੇ ਹਨ - 'ਸੇਖੋਂ ਤੇਰੀਆਂ ਤਾਂ ਕਈ ਕਹਾਣੀਆਂ ਵੀ ਬੜੀਆਂ ਨਾਟਕੀ ਹੁੰਦੀਆਂ ਹਨ। ਉਹਨਾਂ ਨੂੰ ਚਾਹੋ ਤਾਂ ਸਿੱਧਾ ਈ ਸਟੇਜ 'ਤੇ ਖੇਡ ਦਿਓ, ਬਿਲਕੁਲ ਨਾਟਕ ਦੀ ਸਕਰਿਪਟ ਵਾਂਗ।' ਮੈਨੂੰ ਵੀ ਕਈ ਵਾਰ ਲੱਗਦਾ ਹੁੰਦੈ ਕਿ ਮੇਰੀਆਂ ਕਹਾਣੀਆਂ ਹੀ ਨਹੀਂ ਕਈ ਮਿੰਨੀ ਕਹਾਣੀਆਂ ਤੇ ਵਿਅੰਗ ਵੀ ਨਾਟਕੀ ਅੰਦਾਜ਼ ਦੇ ਹਨ। ਮੇਰੇ ਨਾਵਲ 'ਦੇਖ ਇੰਡੀਆ ਮੇਰੀ ਜਾਨ' ਤੇ 'ਸੁਪਨਿਆਂ ਦਾ ਮੰਚਣ ਬਾਰੇ ਵੀ ਕੁਝ ਮਿੱਤਰਾਂ ਦਾ ਇਹੀਓ ਮੰਨਣਾ ਹੈ ਫੇਰ ਭਲਾ ਮੈ ਨਾਟਕ ਤੋਂ ਦੂਰ ਕਿਵੇਂ ਹੋਇਆ। ਪ੍ਰਸ਼ਨ ਕਰਨਾ ਬਣਦਾ ਹੈ। ਮੈਨੂੰ ਮੇਰੇ ਆਪਣੇ ਹੀ ਨਾਟਕਾਂ ਦੀ ਸੋਂਹ! ਕਿ ਜਦ ਤੱਕ ਮੇਰੇ ਸਾਹ ਚੱਲਣਗੇ- ਉਦੋਂ ਤੱਕ ਮੈਂ ਨਾਟਕ ਤੇ ਰੰਗਮੰਚ ਨੂੰ ਪਿਆਰ ਕਰਦਾ ਰਹਾਂਗਾ...।

**543 ਏ ਗਲੀ ਨੰਬਰ 10 ਘੁੰਮਣ ਨਗਰ ਸਰਹਿੰਦ ਰੋਡ ਪਟਿਆਲਾ**
98145-07693

◆◆◆

ਇਸ ਧਰਤੀ 'ਤੇ ਬੀਜ ਸੁੱਟਿਆ,
ਨਿੱਤ ਉਗਦੇ ਨੇ ਪਾਸਪੋਰਟ।

ਡਾਲਰ ਖਾਂਦੇ, ਯੂਰੋ ਪੀਂਦੇ,
ਪੌਂਡਾਂ ਦੀ ਕਰਦੇ ਨੇ ਛੋਟ।

ਮੂੰਗਫ਼ਲੀ ਨੂੰ ਕੋਈ ਨਹੀਂ ਪੁੱਛਦਾ,
ਜਿੱਥੇ ਹੋਣ ਅਖ਼ਰੋਟ।

**- ਸਤਵਿੰਦਰ ਬੇਗੋਵਾਲੀਆ**
(**ਨਾਟਕ ਚੜ੍ਹ ਜਾ ਜਹਾਜ਼ 'ਤੇ ਵਿੱਚੋਂ**)

# ਅਲਵਿਦਾ 2016 ਖੁਸ਼ਆਮਦੀਦ 2017

**ਦਰਸ਼ਨ ਸਿੰਘ ਰਿਆੜ**
**ਮੋਬ: 93163-11677**



ਸਮਾਂ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਅਹਿਮ ਪਹਿਲੂ ਹੈ। ਮਿੰਟ, ਪਲ, ਘੜੀ ਤੇ ਦਿਨਾਂ ਤੋਂ ਚੱਲਦਾ ਹੋਇਆ ਇਹ ਝੱਟ ਹੀ ਮਹੀਨਿਆਂ ਅਤੇ ਸਾਲਾਂ ਨੂੰ ਆਪਣੀ ਗ੍ਰਿਫਤ ਵਿੱਚ ਲੈ ਲੈਂਦਾ ਹੈ। ਬੇੜੀ ਦੇ ਪੂਰ, ਤ੍ਰਿੰਞਣ ਦੀਆਂ ਕੁੜੀਆਂ ਅਤੇ ਨਦੀ ਦੇ ਪਾਣੀ ਦੇ ਲੰਘਣ ਵਾਂਗ ਹੀ ਜਿਹੜਾ ਸਮਾਂ ਦਿਨ ਮਹੀਨੇ ਜਾਂ ਸਾਲ ਦੇ ਰੂਪ ਵਿੱਚ ਗੁਜਰ ਗਿਆ ਉਹ ਮੁੜ ਨਹੀਂ ਆਉਂਦਾ? ਇਹ ਸਭ ਕੁਝ ਇਤਿਹਾਸ ਦੀਆਂ ਪਰਤਾਂ ਵਿੱਚ ਦਫਨ ਹੋ ਜਾਂਦਾ ਹੈ। ਇਤਹਾਸ ਇਕ ਅਸੀਮਤ ਦਾਇਰੇ ਵਾਲਾ ਅੰਨਾਂ ਖੂਹ ਹੈ। ਜਿਸਦਾ ਹਾਜਮਾ ਬਹੁਤ ਦਰੁੱਸਤ ਹੈ ਅਤੇ ਇਹ ਸਭ ਕਾਸੇ ਨੂੰ ਆਪਣੇ ਵਿੱਚ ਲੁਕੋ ਲੈਂਦਾ ਹੈ। ਇਹਦੇ ਵਿੱਚ ਰਾਜੇ, ਰਾਣੇ, ਧਰਮੀ, ਦੁਸਟ, ਬਹਾਦਰ, ਡਰਪੋਕ ਅਤੇ ਛਲ ਕਪਟ ਕਰਨ ਵਾਲੇ ਸਭ ਇੰਜ ਸਾਂਤ ਹੋ ਜਾਂਦੇ ਹਨ ਜਿਵੇਂ ਸਰਦੀ ਕਾਰਨ ਬਰਫ ਬਣਿਆ ਪਾਣੀ ਆਪਣਾ ਰੂਪ ਹੀ ਬਦਲ ਕੇ ਸਾਂਤ ਹੋ ਜਾਂਦਾ ਹੈ।...ਫਿਰ ਜਦੋਂ ਕਦੇ ਕੋਈ ਇਤਿਹਾਸਕਾਰ ਜਾਂ ਬੀਤੇ ਦੀਆਂ ਜਾਨਣ ਦਾ ਇਛੁਕ ਇਸਦੀ ਫਰੋਲਾ ਫਰਾਲੀ ਕਰਦਾ ਹੈ ਤਾਂ ਖਿੱਦੋ ਦੀਆਂ ਲੀਰਾਂ ਵਾਂਗ ਕਈ ਕੁਝ ਬਾਹਰ ਨਿਕਲਦਾ ਹੈ ਜੋ ਬਿਆਨਣ ਲਈ ਕਾਫੀ ਹੁੰਦਾ ਹੈ। ਇਹ ਇਤਹਾਸ ਦਾ ਹਾਜਮਾ ਅਤੇ ਇਹਦੀ ਮਹੱਤਤਾ ਹੀ ਹੈ ਜੋ ਰਮਾਇਣ ਤੇ ਮਹਾਂਭਾਰਤ ਦੀਆਂ ਕਥਾ ਕਹਾਣੀਆਂ, ਬਾਬਰ ਜਾਬਰ ਦੇ ਜੁਲਮਾਂ ਦੀ ਦਾਸਤਾਨ ਜਾਂ ਮੁਹੰਮਦ ਤੁਗਲਕ ਦੇ ਪੜ੍ਹੇ ਲਿਖੇ ਬੇਵਕੂਫ ਬਾਦਸ਼ਾਹ ਦੇ ਤਖੱਲਸ ਬਾਰੇ ਜਾਂ ਅਸ਼ੋਕ ਸਮਰਾਟ ਬਾਰੇ ਲੋਕਾਂ ਨੂੰ ਯਾਦ ਦਿਵਾਉਂਦਾ ਹੈ। ਗੁਰੁ ਅਰਜਨ ਦੇਵ, ਗੁਰੁ ਤੇਗ ਬਹਾਦਰ ਜਾਂ ਫਿਰ ਦਸਮ ਪਾਤਸ਼ਾਹ ਗੁਰੁ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਪ੍ਰੀਵਾਰ ਦੀ ਕੁਰਬਾਨੀ ਦੀ ਯਾਦ ਤਾਜਾ ਹੁੰਦੀ ਹੈ। ਸ਼ਹੀਦ ਉਧਮ ਸਿੰਘ ਅਤੇ ਭਗਤ ਸਿੰਘ ਵਰਗੇ ਸ਼ਹੀਦਾਂ ਦੀ ਦਲੇਰਾਨਾ ਸੋਚ ਦਾ ਪਤਾ ਵੀ ਏਸੇ ਤੋਂ ਹੀ ਲੱਗਦਾ ਹੈ। ਵਰਨਾ ਇਸ ਮਨੁੱਖ ਦੀ ਯਾਦਾਸ਼ਤ ਅਤੇ ਹਾਜਮਾ ਤਾਂ ਏਨਾ ਕਮਜੋਰ ਹੋ ਗਿਆ ਹੈ ਕਿ ਇਹ ਕੱਲ ਵਾਪਰੀ ਘਟਨਾ ਹੀ ਭੁੱਲਣ ਲੱਗ ਪਿਆ ਹੈ। ਸੌੜੇ ਹਿੱਤਾਂ ਵਾਲੇ ਸਿਆਸਤ ਦਾਨਾਂ ਨੇ ਮਨੁੱਖ ਨੂੰ ਆਪਣੇ ਵਾਂਗ ਹੀ ਸੁਆਰਥੀ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਨਾਸ਼ਵਾਨ ਪ੍ਰਾਣੀ ਨੂੰ ਹਰਗਿਜ਼ ਵੀ ਸ਼ੋਭਾ ਨਹੀਂ ਦਿੰਦਾ? ਸੀਮਤ ਜਿਹੀ ਨਾਟਕੀ ਦੁਨੀਆਂ ਵਿੱਚ ਕੁਝ ਵੀ ਸਥਿਰ ਨਹੀਂ ਹੈ ਫਿਰ ਵੀ ਮਨੁੱਖ ਖਰੇ ਕਾਹਦੇ ਵਾਸਤੇ ਲੜਾਈ ਝਗੜੇ, ਲੁੱਟ-ਖਸੁੱਟ, ਖੋਹਾ-ਮਾਰੀ ਅਤੇ ਧੰਨ ਦੇ ਅੰਬਾਰ ਜਮ੍ਹਾਂ ਕਰਨ ਤੇ



ਤੁਲਿਆ ਹੋਇਆ ਹੈ? ਮਨੁੱਖ ਦੀ ਅਸਲ ਲੋੜ ਤਾਂ ਨੈਤਿਕਤਾ ਭਰਪੂਰ ਈਮਾਨਦਾਰੀ ਅਤੇ ਅਨੁਸ਼ਾਸਨ ਵਾਲਾ ਸਾਫ ਸੁਥਰਾ ਜੀਵਨ ਬਤੀਤ ਕਰਨ ਦੀ ਹੈ ਅਤੇ ਪ੍ਰਭੂ ਦਾ ਸ਼ੁਕਰ ਅਦਾ ਕਰਨ ਦੀ ਹੈ ਜਿਸਤੋਂ ਇਹ ਮੁਨੱਕਰ ਹੋਇਆ ਬੈਠਾ ਹੈ।

ਖੈਰ! ਪ੍ਰਚੱਲਤ ਕੈਲੰਡਰ ਅਤੇ ਰਵਾਇਤਾਂ ਦੀ ਤਰ੍ਹਾਂ ਸਾਲ 2016 ਵੀ ਆਪਣੀ ਅਉਧ ਹੰਡਾ ਕੇ, ਇਤਹਾਸ ਦਾ ਹਿੱਸਾ ਬਣਨ ਲਈ ਬੜੀ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਇਸ ਅਰਸੇ ਦੌਰਾਨ ਵਾਪਰੀਆਂ ਅਹਿਮ ਘਟਨਾਵਾਂ ਦਾ ਲੇਖਾ ਜੋਖਾ ਕਰਨ ਲਈ ਪਿਛਲੀਆਂ ਯਾਦਾਂ ਕੁਰੇਦਣਾਂ ਇਹਦੀ ਵਿਦਾਈ ਦਾ ਅਹਿਮ ਹਿੱਸਾ ਹਨ। ਬੀਤ ਰਿਹਾ ਇਹ ਸਾਲ ਲੀਪ ਦਾ ਸਾਲ ਸੀ। ਹੁਣ ਇਹ ਦੁਬਾਰਾ ਅਗਲੇ ਸਾਲ ਨਹੀਂ ਸਗੋਂ ਚਾਰ ਸਾਲਾਂ ਬਾਦ ਆਵੇਗਾ ਇਹ ਵੀ ਇਸ ਦੀ ਮਹੱਤਤਾ ਦਾ ਚਿੰਨ ਹੈ। ਪਰ ਭਾਰਤ ਲਈ ਅਤੇ ਖਾਸ ਕਰ ਪੰਜਾਬ ਵਾਸਤੇ ਇਹਦਾ ਸ਼੍ਰੀ ਗਣੇਸ਼ ਹੀ ਬੜਾ ਦਰਦਨਾਕ ਅਤੇ ਚਿੰਤਾ ਦਾ ਵਿਸ਼ਾ ਬਣ ਗਿਆ ਸੀ ਜਦੋਂ ਇਹਦੇ ਪਹਿਲੇ ਹਫਤੇ ਹੀ ਪਾਕਿਸਤਾਨੀ ਅੱਤਵਾਦੀਆਂ ਨੇ ਸਰਹੱਦ ਦੇ ਐਨ ਨੇੜੇ ਪਠਾਨਕੋਟ ਏਅਰਬੇਸ ਤੇ ਹਮਲਾ ਕਰ ਦਿੱਤਾ ਜਿਸ ਵਿੱਚ ਸੱਤ ਫੌਜੀਆਂ ਤੋਂ ਵੀ ਵੱਧ ਸ਼ਹੀਦੀਆਂ ਹੋ ਗਈਆਂ ਸਨ। ਅੱਤਵਾਦ ਇਸ ਸਮੇਂ ਵਿਸ਼ਵ ਪੱਧਰ ਤੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਇਹਦਾ ਜਨਮਦਾਤਾ ਹੈ। ਭਾਂਵੇ ਉਹ ਖੁਦ ਵੀ ਇਹਦਾ ਸੇਕ ਝੱਲ ਰਿਹਾ ਹੈ ਅਤੇ ਵਿਸ਼ਵ ਦਾ ਪੁਲਿਸਮੈਨ ਅਮਰੀਕਾ ਵੀ ਇਹਦੇ ਤੋਂ ਨਹੀਂ ਬਚ ਸਕਿਆ ਪਰ ਭਾਰਤ ਵਿੱਚ ਵੀ ਇਸ ਅੱਤਵਾਦ ਨੇ ਬਹੁਤ ਨੁਕਸਾਨ ਕੀਤਾ ਹੈ, ਨੌਜ਼ਵਾਨਾਂ ਨੂੰ ਵਰਗਲਾਇਆ ਹੈ ਅਤੇ ਜੰਮੂ ਕਸ਼ਮੀਰ ਦੇ ਕੁਦਰਤੀ ਸੁਹੱਪਣ ਵਾਲੇ ਨਗਰ ਕਸ਼ਮੀਰ ਦੀ ਸੁੰਦਰਤਾ ਅਤੇ ਸਾਂਤੀ ਨੂੰ ਗ੍ਰਹਿਣ ਲਗਾ ਕੇ ਰੱਖ ਦਿੱਤਾ ਹੈ। ਇਸ ਤੋਂ ਬਾਦ ਉੜੀ ਵਾਲੀ ਦੁਰਘਟਨਾ ਜਿਥੇ ਅੱਤਵਾਦੀਆਂ ਨੇ ਕਾਇਰਤਾ ਭਰਪੂਰ ਕਾਰਵਾਈ ਕਰਕੇ ਨਿਹੱਥੇ ਸਿਪਾਹੀਆਂ ਦੀ ਹੱਤਿਆ ਕੀਤੀ ਸੀ। ਉਪਰੋਂ ਸਾਂਤੀ ਦੀ ਦੁਹਾਈ ਦੇਣ ਵਾਲੇ ਪਾਕਿਸਤਾਨ ਦਾ ਕਾਰਾ ਜਖਮਾਂ ਤੇ ਲੂਣ ਛਿੜਕਣ ਵਾਲਾ ਸੀ।...ਭਾਂਵੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸਹੁੰ ਚੁੱਕ ਸਮਾਗਮ ਵਿਚ ਸਾਰਕ ਦੇਸਾਂ ਦੇ ਮੁੱਖੀਆਂ ਨੂੰ ਸ਼ਰੀਕ ਕਰਕੇ, ਜਿਨ੍ਹਾਂ ਵਿੱਚ ਪਾਕਿਸਤਾਨੀ ਪ੍ਰਧਾਨਮੰਤਰੀ ਨਵਾਜ਼ ਸ਼ਰੀਫ ਵੀ ਸ਼ਾਮਲ ਸੀ, ਸਾਂਤੀ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਨਰਿੰਦਰ ਮੋਦੀ ਜੀ ਦੇ ਯਤਨਾਂ ਨੂੰ ਕੋਈ ਬਹੁਤਾ ਬੂਰ ਨਹੀਂ ਪਿਆ। ਹਾਲਾਂਕਿ ਫੌਜ ਵਲੋਂ ਇਸ ਸਾਲ ਬਾਰਡਰ ਤੇ ਸਰਜੀਕਲ ਸਟਰਾਈਕ ਵੀ ਕੀਤੀ ਗਈ ਸੀ ਅਤੇ ਕਾਫੀ ਪਾਕਿਸਤਾਨੀ ਅੱਤਵਾਦੀ ਮਾਰ ਮੁਕਾਏ ਸਨ ਪਰ ਚਾਹੀਦਾ ਤਾਂ ਸੀ ਕਿ ਪਾਕਿਸਤਾਨ ਇਸ ਘਟਨਾਂ ਤੋਂ ਬਾਦ ਸਬਕ ਸਿੱਖਦਾ ਤੇ ਅਜਿਹੀਆਂ ਘਟਨਾਵਾਂ ਤੇ ਰੋਕ ਲਗਦੀ ਪਰ ਅਜਿਹਾ ਹੋਇਆ ਨਹੀਂ ਸਗੋਂ ਅਜਿਹੀਆਂ ਘਟਨਾਂਵਾਂ ਲਗਾਤਾਰ ਵਾਪਰ ਰਹੀਆਂ ਹਨ। ਹਾਲਾਂਕਿ ਅੱਤਵਾਦ ਦੇ ਪੁਸ਼ਤਪਨਾਹ ਪਾਕਿਸਤਾਨ ਵਿੱਚ ਵੀ ਸਭ ਅੱਛਾ ਨਹੀਂ ਹੈ ਪਰ ਆਪਣੀਆਂ ਅਸਫਲਤਾਵਾਂ ਅਤੇ ਕਮਜੋਰੀਆਂ ਛਿਪਾਉਣ ਲਈ ਉਹਨੇ ਜੰਮੂ ਕਸ਼ਮੀਰ ਨੂੰ ਮੁੱਖ ਹਥਿਆਰ ਬਣਾਇਆ ਹੋਇਆ ਹੈ।

ਸਤਲੁਜ ਯਮਨਾ ਲਿੰਕ ਨਹਿਰ ਇਸ ਸਾਲ ਦਾ ਮੁੱਖ ਭਖਦਾ ਵਿਸ਼ਾ ਰਿਹਾ ਹੈ। ਦਰਅਸਲ ਸਤਲੁਜ ਯਮਨਾ ਲਿੰਕ ਨਹਿਰ ਮਸਲਾ ਹੁਣ ਰਾਜਨੀਤਕ ਪਾਰਟੀਆਂ ਨੇ ਆਪੋ ਆਪਣੇ ਗਲੇ ਦੀ ਹੱਡੀ ਬਣਾ ਲਿਆ ਹੈ। ਹਰੇਕ ਰਾਜਨੀਤਕ ਪਾਰਟੀ ਇਸ ਮੁੱਦੇ ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣਾ ਚਾਹੁੰਦੀ ਹੈ। ਅਸਲ ਵਿੱਚ ਇਸ ਇਸ਼ੂ ਨੂੰ ਵੋਟਾਂ ਬਟੋਰਨ ਦਾ ਅਹਿਮ ਬਿੰਦੂ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਂਝ 1966 ਵਿੱਚ ਪੰਜਾਬ ਤੇ ਹਰਿਆਣਾ ਦੀ ਬੋਲੀ ਦੇ ਅਧਾਰ ਤੇ ਹੋਈ ਵੰਡ ਤੋਂ ਬਾਦ ਹੀ ਇਹ ਦੀ ਉਪਜ ਹੋਈ ਸੀ। ਆਪਣਾ ਦੇਸ਼, ਆਪਣੇ ਪ੍ਰਾਂਤ, ਆਪਣੇ ਲੋਕ, ਆਪਣੀ ਹੀ ਭੂਮੀ ਦੀ ਸਿੰਚਾਈ ਲਈ, ਅੰਨ ਅਨਾਜ ਦੀ ਬਿਹਤਰ ਪੈਦਾਵਾਰ ਲਈ ਜੇ ਮਿਲ ਬੈਠ ਕੇ ਸਾਜਗਾਰ ਹੱਲ ਨਹੀਂ ਕੱਢ ਸਕਦੇ ਤਾਂ ਕੀ ਬਾਹਰਲੇ ਲੋਕ ਆ ਕੇ ਇਹਦਾ ਹੱਲ ਲੱਭਣਗੇ? ਚਿੰਤਾ ਦਾ ਵਿਸ਼ਾ ਤਾਂ ਇਹ ਹੈ ਕਿ ਲਗਾਤਾਰ ਧਰਤੀ ਹੇਠਲਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਦਰਿਆਵਾਂ ਦਾ ਪਾਣੀ ਵੀ ਘਟਦਾ ਜਾ ਰਿਹਾ ਹੈ। ਸਤਲੁਜ ਤੇ ਭਾਖੜਾ ਬੰਧ ਬਣ ਗਿਆ, ਬਿਆਸ ਤੇ ਪੌਂਗ ਡੈਮ ਅਤੇ ਰਾਵੀ ਉਪਰ ਥੀਨ ਡੈਮ।...ਤਿੰਨਾਂ ਦਰਿਆਵਾਂ ਦਾ ਪਾਣੀ ਤਾਂ ਪਹਿਲਾਂ ਹੀ ਮਿਆਨ ਚ ਆ ਗਿਆ ਹੈ। ਬਰਸਾਤੀ ਹੜ੍ਹਾਂ ਦਾ ਪਾਣੀ ਉਂਜ ਹੀ ਕੰਟਰੋਲ ਤੋਂ ਬਾਹਰਾ ਹੁੰਦਾ ਹੈ ਜਾ ਤਾਂ ਉਹਨੂੰ ਰੋਕਣ-ਜਮ੍ਹਾਂ ਕਰਨ ਦੇ ਪ੍ਰਬੰਧ ਕੀਤੇ ਜਾਣ। ਹੋਰ ਬੰਨ੍ਹ ਬਣਾਉਣ ਦੀ ਵਿਵਸਥਾ ਕੀਤੀ ਜਾਵੇ। ਕਦੇ ਨਹਿਰਾਂ ਬਣਾ ਲਈਆਂ ਕਦੇ ਢਾਹ ਲਈਆਂ!...ਇੰਜ ਲੋਕਾਂ ਨੂੰ ਗੁਮਰਾਹ ਕਰਨ ਦਾ ਕੀ ਲਾਭ? ਵਿਸ਼ਵ ਦੇ ਗਲੋਬ ਲਾਈਜੇਸ਼ਨ ਦੇ ਜ਼ਰੀਏ ਦੂਜੇ ਦੇਸ਼ ਤਾਂ ਇੱਕ ਦੂਜੇ ਦੇ ਨੇੜੇ ਆ ਰਹੇ ਹਨ। ਪਰ ਗੁਰੂਆਂ ਪੀਰਾਂ ਦੀ ਧਰਤੀ ਦੇ ਵਾਰਸ, ਜਿਥੇ ਲੋਹ ਲੰਗਰ ਤਪਦੇ ਰਹਿੰਦੇ ਹੋਣ, ਪਾਣੀ ਦੀ ਵੰਡ ਤੇ ਦੁਸ਼ਮਣਾਂ ਵਾਂਗ ਇੱਕ ਦੂਜੇ ਨਾਲ ਖਹਿਬੜਣ ਚੰਗਾ ਨਹੀਂ ਲਗਦਾ? ...ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਣੀ ਦੀ ਲੋੜ ਅਤੇ ਕਮੀ ਹੁਣ ਬਹੁਤ ਜਰੂਰੀ ਤੇ ਭਖਦਾ ਮਸਲਾ ਹੈ ਅਤੇ ਭਵਿੱਖ ਵਿੱਚ ਵਧਦੀ ਅਬਾਦੀ ਤੇ ਵਧਦੀ ਤਪਸ਼ ਕਾਰਨ ਇਹ ਹੋਰ ਗੰਭੀਰ ਬਣ ਜਾਵੇਗੀ...ਪਰ ਭਰਾਤਰੀ ਭਾਵ ਨਿਆਂ ਪ੍ਰਬੰਧ ਅਤੇ ਅਨੁਸਾਸਨ ਵੀ ਤਾਂ ਜ਼ਰੂਰੀ ਹੈ। ਪੰਜਾਬ ਵਿੱਚ ਅਗਲੇ ਸਾਲ ਦੇ ਸ਼ੁਰੂ ਵਿੱਚ ਹੀ ਵਿਧਾਨ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਸੰਯੋਗਵਸ ਮਾਨਯੋਗ ਸੁਪਰੀਮ ਕੋਰਟ ਵਿੱਚ ਇਸ ਮਸਲੇ ਦੀ ਸੁਣਵਾਈ ਵੀ ਹੁਣ ਸ਼ੁਰੂ ਹੋਈ ਹੈ। ਇਸ ਕਾਰਨ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮੁੱਦੇ ਦੀ ਅਹਿਮੀਅਤ ਹੋਰ ਵਧ ਗਈ ਹੈ। ਆਸ ਕਰਨੀ ਬਣਦੀ ਹੈ ਕਿ ਦੇਸ਼ ਦੇ ਨੇਤਾ ਅਤੇ ਨਿਆਂ ਪਾਲਕਾ ਇਸ ਗੰਭੀਰ ਮਸਲੇ ਦਾ ਸਾਜਗਾਰ ਹੱਲ ਲੱਭ ਹੀ ਲੈਣਗੇ।

ਚਿਰਾਂ ਤੋਂ ਲੰਬਿਤ ਪਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਦਾ ਮਸਲਾ ਜੋ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਕਾਰਨ ਲਟਕਿਆ ਹੋਇਆ ਸੀ ਉਹਦਾ ਹੱਲ ਵੀ ਇਸ ਸਾਲ ਦੀਆਂ ਅਹਿਮ ਘਟਨਾਵਾਂ ਵਿੱਚ ਸ਼ੁਮਾਰ ਹੈ। ਸੰਸਦ ਨੇ ਕਾਨੂੰਨ ਰਾਂਹੀਂ ਸਹਿਜਧਾਰੀ ਸਿੱਖਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਹਿੱਸਾ ਲੈਣ ਦਾ ਰਾਹ ਬੰਦ ਕਰ ਦਿੱਤਾ ਹੈ। ਭਾਂਵੇ ਇਸ ਫੈਸਲੇ ਤੇ ਮਿਲੀ ਜੁਲੀ ਪ੍ਰਤੀਕਿਰਿਆ ਵੀ ਹੋਈ ਹੈ ਅਤੇ ਸਹਿਜਧਾਰੀ ਸਿੱਖ ਇਸ ਨਾਲ ਸੰਤੁਸ਼ਟ ਨਹੀਂ ਹੋਏ।



ਪਰ ਇਸ ਮਸਲੇ ਦੇ ਵਕਤੀ ਹੱਲ ਦਾ ਸਿਹਰਾ 2016 ਨੂੰ ਹੀ ਜਾਂਦਾ ਹੈ।

ਇਸ ਸਾਲ ਨੇ ਦੇਸ਼ ਦੀ ਕੰਨੂਨ ਪ੍ਰਬੰਧ ਅਤੇ ਸੁਰੱਖਿਆ ਤੇ ਵੀ ਸੁਆਲੀਆ ਚਿੰਨ੍ਹ ਖੜਾ ਕੀਤਾ ਹੈ। ਕੰਨੂਨ ਸ਼ਾਖਾ ਵੱਲੋਂ ਦਿੱਤੇ ਗਏ ਫੈਸਲਿਆਂ ਅਨੁਸਾਰ ਦੋਸ਼ੀ ਜੇਲ੍ਹਾਂ ਵਿਚ ਬੰਦ ਹੁੰਦੇ ਹਨ। ਜੇਲ੍ਹਾਂ ਦੀ ਸੁਰੱਖਿਆ ਅਤੇ ਕੈਦੀਆਂ ਤੇ ਕਰੜੀ ਨਿਗਰਾਨੀ ਰੱਖਣਾ ਸਰਕਾਰ ਦਾ ਫਰਜ਼ ਹੁੰਦਾ ਹੈ। ਉਪਰੋਥੱਲੀ ਦੇਸ਼ ਵਿੱਚ ਦੋ ਅਹਿਮ ਘਟਨਾਵਾਂ ਵਾਪਰੀਆਂ ਹਨ। ਪਹਿਲੀ ਮੱਧ ਪ੍ਰਦੇਸ਼ ਦੀ ਜੇਲ੍ਹ ਚੋਂ ਅੱਤਵਾਦੀਆਂ ਦਾ ਭੱਜਣਾ ਤੇ ਫਿਰ ਮੁਕਾਬਲੇ ਵਿੱਚ ਮਾਰੇ ਜਾਣਾ ਸੁਰਖੀਆਂ ਵਿੱਚ ਰਿਹਾ ਹੈ। ਇਸ ਉਪਰੰਤ ਅਤਿਅੰਤ ਸੁਰੱਖਿਆ ਵਾਲੀ ਨਾਭਾ ਜੇਲ੍ਹ ਚੋਂ ਅੱਤਵਾਦੀਆਂ ਅਤੇ ਗੈਂਗਸਟਰਾਂ ਦਾ ਫਿਲਮੀ ਅੰਦਾਜ ਵਿੱਚ ਦੌੜਨਾ ਅਤੇ ਕੁਝ ਦਿਨਾਂ ਬਾਦ ਕੁਝ ਕੁ ਦਾ ਫੜੇ ਜਾਣਾ ਸਾਡੇ ਸੁਰੱਖਿਆ ਪ੍ਰਬੰਧਾਂ ਤੇ ਪ੍ਰਸ਼ਨ ਚਿੰਨ ਲਾਉਂਦਾ ਹੈ। ਸਰਕਾਰਾਂ ਨੇ ਆਪਣੇ ਖਰਚੇ ਬਹੁਤ ਜਿਆਦਾ ਵਧਾ ਲਏ ਹਨ ਅਤੇ ਲੋੜੀਂਦੀ ਗਿਣਤੀ ਵਿੱਚ ਨਾਂ ਤਾਂ ਮੁਲਾਜਮ ਭਰਤੀ ਹੀ ਕੀਤੇ ਜਾਂਦੇ ਹਨ ਅਤੇ ਨਾਂ ਹੀ ਉਨ੍ਹਾਂ ਨੂੰ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।...ਸਭ ਕਾਸੇ ਦਾ ਨਿਜੀਕਰਣ ਜਾਂ ਠੇਕਾ ਕਰਣ ਸਮੱਸਿਆਵਾਂ ਦਾ ਹੱਲ ਨਹੀਂ ਹੁੰਦਾ।

ਬਠਿੰਡਾ ਅਤੇ ਆਦਮਪੁਰ ਹਵਾਈ ਅੱਡਿਆਂ ਨੂੰ ਸਿਵਲ ਹਵਾਈ ਅੱਡਿਆਂ ਵਜੋਂ ਪਦਉਨਤ ਕਰਨਾ ਵੀ ਇਸ ਸਾਲ ਦੀ ਅਹਿਮ ਪ੍ਰਾਪਤੀ ਰਹੀ ਹੈ। ਪਰ ਬਠਿੰਡਾ ਹਵਾਈ ਅੱਡੇ ਅਤੇ ਏਮਜ਼ ਦੇ ਉਦਘਾਟਨੀ ਸਮਾਰੋਹ ਮੌਕੇ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਬੋਧਨ ਕਰਨਾ ਸੀ, ਪੰਜਾਬ ਸਰਕਾਰ ਦੇ ਮੰਤਰੀ ਵਲੋਂ ਪੁਲਸ ਮੁਲਾਜਮਾਂ ਨਾਲ ਬੁਰਾ ਵਿਹਾਰ ਕਈ ਦਿਨ ਅਖਬਾਰੀ ਸੁਰੱਖੀਆ ਦੀ ਖਬਰ ਬਣਦਾ ਰਿਹਾ। ਅਜਿਹੀਆਂ ਘਟਨਾਵਾਂ ਇਕ ਲੋਕਤੰਤਰ ਲਈ ਚੰਗੀਆਂ ਨਹੀਂ ਹੁੰਦੀਆਂ। ਲਗਦੇ ਹੱਥ ਬਠਿੰਡੇ ਦੇ ਹੀ ਇਕ ਸਰਪੰਚ ਦੇ ਪੁੱਤਰਾਂ ਵੱਲੋਂ ਪੁਲਿਸ ਹਵਲਦਾਰ ਨਾਲ ਵਧੀਕੀ ਵੀ ਚਰਚਾ ਦਾ ਵਿਸ਼ਾ ਰਹੀ। ਏਸੇ ਜਿਲੇ ਵਿੱਚ ਹੀ ਇਕ ਵਿਆਹ ਸਮਾਗਮ ਦੌਰਾਨ ਸਟੇਜ ਤੇ ਨੱਚ ਰਹੀ ਡਾਂਸਰ ਦੀ ਗੋਲੀ ਮਾਰ ਕੇ ਹੱਤਿਆ ਇਸ ਸਾਲ ਦੇ ਇਤਹਾਸ ਵਿੱਚ ਇੱਕ ਅਹਿਮ ਨਮੋਸੀ ਭਰਿਆ ਕਾਰਨਾਮਾ ਦਰਜ ਕਰਵਾ ਗਈ। ਰੋਟੀ ਰੋਜੀ ਲਈ ਲੋਕਾਂ ਦੀ ਮਜ਼ਬੂਰੀ ਅਤੇ ਐਸ਼ ਪ੍ਰਸਤ ਕਾਕਿਆਂ ਦੀ ਹੁੱਲੜਬਾਜੀ ਵਧ ਰਹੇ ਹਥਿਆਰ ਅਤੇ ਗੀਤਾਂ ਵਿੱਚ ਲੱਚਰਪੁਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮੈਰਿਜ ਪੈਲਸ ਲੋਕਾਂ ਲਈ ਸਹੂਲਤਾਂ ਤਾਂ ਪ੍ਰਦਾਨ ਕਰਦੇ ਸਨ ਪਰ ਬਹੁਤ ਖਰਚੀਲੇ ਅਤੇ ਹੁਣ ਮੌਤਾਂ ਵੀ ਪ੍ਰੋਸਣ ਲੱਗ ਪਏ ਹਨ। ਸਮਾਜ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਫਜੂਲਖਰਚੀਆਂ ਤੇ ਰੋਕ ਲਾਉਣ ਲਈ ਲਾਮਬੰਦ ਹੋਣਾਂ ਪਵੇਗਾ ਨਹੀਂ ਤਾਂ ਨਤੀਜੇ ਮਾੜੇ ਹੀ ਨਿਕਲਣਗੇ।

ਅੱਠ ਨਵੰਬਰ 2016 ਦੀ ਰਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜ ਸੌ ਅਤੇ ਇੱਕ ਹਜ਼ਾਰ ਰੁਪਏ ਦੇ ਨੋਟ ਬੰਦ ਕਰਨ ਵਾਲੀ ਨੋਟਬੰਦੀ ਵੀ ਇਸ ਸਾਲ ਦਾ ਚਰਚਾ ਦਾ ਮੁੱਖ ਵਿਸ਼ਾ ਬਣ ਗਿਆ ਹੈ। ਸਾਲ 2014 ਦੀਆਂ ਚੋਣਾਂ ਦੌਰਾਨ ਤਾਂ ਨਰਿੰਦਰ ਮੋਦੀ ਨੇ ਬਾਹਰੋ ਕਾਲਾ ਧਨ ਲਿਆਉਣ ਦਾ ਵਾਅਦਾ ਕੀਤਾ ਸੀ ਪਰ ਉਹ ਤਾਂ ਆਇਆ ਨਹੀਂ ਪਰ ਦੇਸ਼ ਵਾਸੀਆਂ ਦੇ ਨੋਟ ਬੰਦ ਕਰਕੇ ਕਾਲਾਧਨ ਬਾਹਰ ਕਰਨ ਦੀ ਵਿਉਤਬੰਦੀ

ਨਾਲ ਰੁਪਏ ਪੈਸੇ ਦੇ ਕਾਲ ਵਰਗੀ ਸਥਿਤੀ ਬਣਾ ਦਿੱਤੀ ਹੈ। ਦੇਸ਼ ਨੂੰ ਕੈਸ਼ ਲੈਸ ਤੇ ਡਿਜੀਟਲ ਬਣਾਉਣ ਦੀ ਇਸ ਚਾਲ ਨੇ ਲੋਕਾਂ ਨੂੰ ਲਾਈਨਾਂ ਵਿੱਚ ਲੱਗ ਕੇ ਆਪਣੇ ਹੀ ਪੈਸਿਆਂ ਲਈ ਤਰਸਣ ਲਈ ਤਾਂ ਮਜ਼ਬੂਰ ਕੀਤਾ ਹੀ ਹੈ ਹੁਣ ਤੱਕ ਸੌ ਤੋਂ ਵੱਧ ਵਿਅੱਕਤੀਆਂ ਦੀ ਜਾਨ ਵੀ ਲੈ ਲਈ ਹੈ। ਹਾਲੇ ਤੱਕ ਤਾਂ ਇਸ ਤੇਜ ਧਾਰ ਹਥਿਆਰ ਦਾ ਖਮਿਆਜਾ ਗਰੀਬਾਂ ਨੂੰ ਹੀ ਭੁਗਤਣਾ ਪਿਆ ਹੈ ਤੇ ਉਹ ਹੀ ਲਾਈਨਾਂ ਵਿੱਚ ਲੱਗ ਕੇ ਖੱਜਲ ਖੁਆਰ ਹੋ ਰਹੇ ਹਨ। ਅਮੀਰ ਤਾਂ ਬੈਕਾਂ ਵਾਲਿਆਂ ਦੀ ਮਿਲੀ ਭੁਗਤ ਨਾਲ ਆਪਣੇ ਭੰਡਾਰ ਫਿਰ ਭਰਨ ਵਿਚ ਮਸਰੂਫ ਹਨ। ਇਨਕਲਾਬੀ ਦਿੱਖ ਪ੍ਰਦਾਨ ਕਰਨ ਲਈ ਅਜਿਹੇ ਫੈਸਲੇ ਪੂਰੀ ਪਲਾਨਿੰਗ ਨਾਲ ਹੀ ਲਾਗੂ ਕਰਨੇ ਚਾਹੀਦੇ ਹਨ।...ਨਜ਼ਲਾ ਅਕਸਰ ਗਰੀਬਾਂ ਤੇ ਹੀ ਕਿਉਂ ਡਿਗਦਾ ਹੈ।

ਖੈਰ! ਜੇ ਗੱਲ ਪੁਲਾੜ ਦੀ ਕਰੀਏ ਤਾਂ, ਭਾਰਤ ਦੀ ਪੁਲਾੜ ਖੋਜ ਏਜੰਸੀ ਇਸਰੋ ਵੀ ਇਸ ਸਾਲ ਦੌਰਾਨ ਇੱਕ ਹੀ ਸਮੇਂ 20 ਸੈਟੇਲਾਈਟ ਪੁਲਾੜ ਵਿੱਚ ਸਫਲਤਾ ਪੂਰਵਕ ਛੱਡ ਕੇ ਮਹਾਨ ਕਾਰਨਾਮਾ ਕਰਨ ਵਿੱਚ ਸਫਲ ਰਹੀ ਹੈ। 22 ਜੂਨ 2016 ਨੂੰ ਭਾਰਤੀ ਵਿਗਿਆਨੀਆਂ ਨੇ ਇੱਕ ਮਿਸ਼ਨ ਵਿੱਚ 20 ਸੈਟੇਲਾਈਟ ਦਾਗ ਕੇ ਇਤਹਾਸ ਵਿੱਚ ਅਹਿਮ ਸਥਾਨ ਬਣਾ ਲਿਆ ਹੈ ਅਤੇ ਇਸ ਤੋਂ ਪਹਿਲਾਂ 23 ਮਈ 2016 ਨੂੰ ਸ੍ਰੀ ਹਰੀ ਕੋਟਾ ਦੇ ਸਥਾਨ ਤੋਂ ਦੇਸ਼ ਵਿੱਚ ਤਿਆਰ ਕੀਤੀ ਗਈ ਦੁਬਾਰਾ ਵਰਤਣਯੋਗ ਸ਼ਟਲ ਦਾ ਸਫਲਤਾ ਪੂਰਵਕ ਟੈਸਟ ਵੀ ਕੀਤਾ ਸੀ।

ਸਤਲੁਜ ਯਮਨਾ ਲਿੰਕ ਨਹਿਰ ਦੇ ਫੈਸਲੇ ਨੂੰ ਅਧਾਰ ਬਣਾ ਕੇ ਲੋਕ ਸਭਾ ਮੈਂਬਰ ਅਤੇ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਸਮੂਹ ਕਾਂਗਰਸ ਵਿਧਾਨ ਕਾਰਾਂ ਵਲੋਂ ਦਿੱਤਾ ਗਿਆ ਅਸਤੀਫਾ ਵੀ ਇਸ ਸਾਲ ਦਾ ਅਹਿਮ ਦਸਤਾਵੇਜ ਬਣ ਗਿਆ ਜਿਸ ਦੀ ਬਦੌਲਤ ਹੁਕਮਰਾਨ ਅਕਾਲੀ ਭਾਜਪਾ ਸਰਕਾਰ ਨੇ 19 ਦਸੰਬਰ ਨੂੰ ਨੌਂ ਦੇ ਕਰੀਬ ਬਿੱਲ ਕੁਝ ਹੀ ਮਿੰਟਾਂ ਵਿੱਚ ਪਾਸ ਕਰ ਲਏ। ਲੋਕਤੰਤਰ ਦੀ ਸਿਹਤ ਲਈ ਤਾਂ ਇਹ ਰੁਝਾਨ ਜਿਆਦਾ ਸਾਜਗਾਰ ਨਹੀਂ ਹੈ ਪਰ ਸਭ ਚੱਲਦਾ ਹੈ। ਇੱਕ ਕਾਮਯਾਬ ਲੋਕਰਾਜ ਲਈ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਵੀ ਬਹੁਤ ਜਰੂਰੀ ਹੁੰਦਾ ਹੈ ਤਾਂ ਜੋ ਹਰ ਮਾਮਲਾ ਪੂਰਾ ਪੁਣ ਛਾਣ ਕੇ ਹੀ ਕਾਨੂੰਨ ਬਣੇ। ...ਚੋਣਾਂ ਨੇੜੇ ਆਉਣ ਨਾਲ ਦਲ ਬਦਲਨ ਅਤੇ ਵਫਾਦਾਰੀਆਂ ਬਦਲਨਾ ਵੀ ਸਾਡੇ ਰਾਜਸੀ ਚਿੱਤਰ ਦਾ ਮੁੱਖ ਹਿੱਸਾ ਬਣ ਗਿਆ ਹੈ ਜਿਸ ਤੋਂ ਜਾਹਰ ਹੁੰਦਾ ਹੈ ਕਿ ਰਾਜਨੀਤਕ ਲੋਕਾਂ ਨੂੰ ਦੇਸ਼ ਤੇ ਸਮਾਜ ਨਾਲੋਂ ਨਿਜੀ ਹਿੱਤ ਜਿਆਦਾ ਅਹਿਮ ਹੁੰਦੇ ਹਨ। ਇਸ ਲੜੀ ਅਧੀਨ ਬਹੁਤ ਸਾਰੇ ਨੇਤਾਵਾਂ ਨੇ ਪਾਲੇ ਬਦਲੇ ਹਨ ਤੇ ਬਦਲ ਵੀ ਰਹੇ ਹਨ। ਭਾਜਪਾ ਐਸ ਪੀ ਨਵਜੋਤ ਸਿੱਧੂ ਦੁਆਰਾ ਮੈਂਬਰ ਤੋਂ ਅਸਤੀਫਾ ਤੇ ਫਿਰ ਦਲ ਬਦਲੀ ਦੀ ਚਰਚਾ ਚਿਰਾਂ ਤੋਂ ਜਾਰੀ ਸੀ। ਲੰਬੇ ਚੌੜੇ ਇੰਤਜਾਰ ਬਾਦ ਡਾ. ਨਵਜੋਤ ਸਿੱਧੂ ਤਾਂ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ ਅਤੇ ਕ੍ਰਿਕਟਰ ਐਕਟਰ ਨਵਜੋਤ ਸਿੱਧੂ ਵੀ ਕਾਂਗਰਸ ਵਿੱਚ ਸ਼ਾਮਲ ਹੋਣ ਵਾਲੇ ਹੀ ਹਨ। ...ਸਾਲ 2016 ਅਜਿਹੇ ਰਾਜਸੀ ਨੇਤਾਵਾਂ ਦੀਆਂ ਤਕਰੀਰਾਂ ਅਤੇ ਬਦਲਦੇ ਵਿਸ਼ੇਸ਼ਣਾਂ ਕਾਰਨ ਜਾਣਿਆ ਜਾਂਦਾ ਰਹੇਗਾ। ਪਾਣੀ ਵਾਲੀ ਬੱਸ ਦੀਆਂ ਖਬਰਾਂ ਪੰਜਾਬੀ ਵਾਤਾਵਰਣ



ਵਿੱਚ ਚਿਰਾਂ ਤੋਂ ਗੂੰਜ ਰਹੀਆਂ ਸਨ। ਅਖੀਰ ਬੇੜੀ ਨੁਮਾਂ ਬੱਸ ਰਾਹੀਂ ਪੰਜਾਬੀਆਂ ਦੀ ਇਹ ਰੀਝ ਤਾਂ ਉਪਮੁੱਖਮੰਤਰੀ ਨੇ ਪੂਰੀ ਕਰ ਦਿੱਤੀ ਭਾਂਵੇ ਇਹ ਲੋਕਾਂ ਦੀਆਂ ਫਸਲਾ ਰੋੜ ਕੇ ਲੈ ਗਈ ਹੈ ਤੇ ਹੁਣ ਬੰਦ ਹੀ ਪਈ ਹੈ। ...ਅੰਤਰਰਾਸ਼ਟਰੀ ਮੰਚ ਦੀ ਗੱਲ ਕਰੀਏ ਤਾਂ ਅਮਰੀਕਾ ਇਸ ਵਾਰ ਪਹਿਲੀ ਮਹਿਲਾ ਰਾਸ਼ਟਰਪਤੀ ਚੁਣਦਾ-ਚੁਣਦਾ ਥਿੜਕ ਗਿਆ ਤੇ ਡੋਨਾਲਡ ਟਰੰਪ ਇੱਕ ਵਪਾਰੀ ਰਾਸ਼ਟਰਪਤੀ ਚੁਣਿਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਵਿਸ਼ਵ ਦੇ ਅਹਿਮ ਦੇਸ਼ਾ ਦੀ ਯਾਤਰਾ ਕਰਕੇ ਬਹੁਤ ਸਾਰੇ ਸਮਝੋਤੇ ਸਹੀਬਧ ਕੀਤੇ ਹਨ। ਤੁਰਕੀ ਵਿੱਚ ਰੂਸ ਦੇ ਰਾਜਦੂਤ ਦੀ ਸਟੇਜ ਤੇ ਭਾਸ਼ਣ ਕਰਦਿਆਂ ਗੋਲੀ ਮਾਰ ਕੇ ਹੱਤਿਆ ਗਹਰੀ ਚਿੰਤਾ ਦਾ ਵਿਸ਼ਾ ਹੈ। ਰੱਬ ਇਨ੍ਹਾਂ ਅੱਤਵਾਦੀਆਂ ਨੂੰ ਸੁਮੱਤ ਬਖਸ਼ੇ। ਗੱਲ ਉਲੰਪਿਕ ਖੇਡਾਂ ਦੀ ਕਰੀਏ ...ਤਾਂ ਧੂਮ ਧੜੱਕੇ ਨਾਲ ਗਈ ਸਾਡੀ ਟੀਮ ਤਾਂ ਖਰੀ ਨਹੀਂ ਉਤਰੀ। ਜਿਮਨਾਸਟਿਕ ਦੀਪਾਂ ਕਰਮਾਕਰ ਪਹਿਲੀ ਵਾਰ ਅਹਿਮ ਕਾਰਜ ਗੁਜ਼ਾਰੀ ਦਿਖਾ ਕੇ ਮੈਡਲ ਤੋਂ ਵਾਂਝੀ ਰਹਿ ਗਈ। ਸਾਖਸੀ ਪਹਿਲਵਾਨ ਤਾਂਬੇ ਦਾ ਤਮਗਾ ਹਾਸਿਲ ਕਰਕੇ ਅਤੇ ਪੀ. ਵੀ ਸਿੰਧੂ ਸ਼ਟਲ ਕੁਈਨ ਚਾਂਦੀ ਤਮਗਾ ਹਾਸਲ ਕਰਕੇ ਦੇਸ਼ ਦਾ ਗੌਰਵ ਕਾਇਮ ਕਰਨ ਵਿੱਚ ਸਫਲ ਰਹੀ। ਇਹ ਵੀ ਕਾਬਲੇ ਗੌਰ ਹੈ ਕਿ ਜਿਹੜੇ ਦੇਸ਼ ਵਿੱਚ ਲੜਕੀ ਨੂੰ ਪਰਾਇਆ ਧਨ ਕਿਹਾ ਜਾਂਦਾ ਹੋਵੇ, ਕੁੱਖ ਵਿੱਚ ਹੀ ਮਾਰਿਆ ਜਾ ਰਿਹਾ ਹੋਵੇ ਜਾਂ ਫਿਰ ਉਹਨੂੰ ਪੂਰੀ ਸੁਰੱਖਿਆ ਮੁਹੱਇਆ ਨਾ ਹੋਵੇ ਅਤੇ ਉਹ ਘਰੇਲੂ ਹਿੰਸਾ ਦੇ ਨਾਲ ਨਾਲ ਬਲਾਤਕਾਰ ਵਰਗੇ ਘਿਨੌਣੇ ਜ਼ੁਲਮ ਦਾ ਸ਼ਿਕਾਰ ਹੁੰਦੀ ਹੋਵੇ ਇਜ਼ਤ ਵੀ ਉਨ੍ਹਾਂ ਨੇ ਹੀ ਬਚਾਈ ਹੈ।

ਉਂਝ ਸਾਲ ਦਾ ਆਖਰੀ ਮਹੀਨਾ ਦਸੰਬਰ ਖੇਡਾਂ ਪੱਖੋਂ ਭਾਰਤ ਲਈ ਸ਼ਾਨਦਾਰ ਰਿਹਾ ਹੈ। ਜੂਨਿਅਰ ਹਾਕੀ ਟੀਮ ਪੰਦਰਾਂ ਸਾਲਾਂ ਬਾਦ ਵਿਸ਼ਵ ਚੈਂਪੀਅਨ ਬਣੀ ਹੈ ਅਤੇ ਕ੍ਰਿਕਟ ਦੀ ਟੀਮ ਨੇ ਇੰਗਲੈਂਡ ਦੀ ਟੀਮ ਨੂੰ ਚਾਰ ਟੈਸਟ ਮੈਚ ਜੀਰੋ ਦੇ ਮੁਕਾਬਲੇ ਜਿੱਤ ਕੇ ਆਪਣੀ ਸਰਦਾਰੀ ਬਹਾਲ ਕੀਤੀ ਹੈ। ਤੀਸਰਾ ਸ਼ਤਕ ਲਾਉਣ ਵਾਲਾ ਇੱਕ ਹੋਰ ਬੈਟਸ ਮੈਨ... ਦੇ ਰੂਪ ਵਿੱਚ ਭਾਰਤ ਨੂੰ ਮਿਲ ਗਿਆ ਹੇ। ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵੀ ਇਸ ਵੇਲੇ ਦੇਸ਼ ਲਈ ਮੁੱਖ ਵਿਸ਼ਾ ਬਣੀਆਂ ਹੋਈਆਂ ਹਨ ਜਿਥੇ ਸੱਤਾਧਾਰੀ ਪਾਰਟੀ ਦਾ ਘਰੇਲੂ ਕਲ੍ਹਾ ਕਲੇਸ਼ ਵੀ ਚਰਚਾ ਦਾ ਵਿਸ਼ਾ ਹੈ ਤੇ ਲੋਕਤੰਤਰ ਵਿੱਚ ਹੋ ਰਹੇ ਪ੍ਰੀਵਾਰਵਾਦ ਦੀ ਤਰਜ਼ਮਾਨੀ ਕਰਦਾ ਹੈ।

ਆਪਣੇ ਪਿੱਛੇ ਕੌੜੇ ਤਜਰਬਿਆਂ ਦੇ ਬਲਬੂਤੇ ਇਤਿਹਾਸ ਦੀ ਬੁੱਕਲ ਵਿੱਚ ਜਾ ਰਹੇ ਸਾਲ 2016 ਨੂੰ ਮੋਹ ਭਿਜੀ ਵਿਦਾਈ ਦੇ ਨਾਲ ਆਉਣ ਵਾਲੇ ਸਾਲ 2017 ਲਈ ਬਹੁਤ ਬਹੁਤ ਸੁਭ ਕਾਮਨਾਂਵਾਂ। ਪ੍ਰਮਾਤਮਾ ਕਰੇ ਆਉਣ ਵਾਲਾ ਸਾਲ ਮਨੁੱਖਤਾ ਦੇ ਪ੍ਰੇਮ, ਭਾਈ ਚਾਰੇ, ਨੈਤਿਕਤਾ, ਈਮਾਨਦਾਰੀ ਅਤੇ ਅਨੁਸ਼ਾਸ਼ਨ ਨਾਲ ਲਬਰੇਜ ਹੋਵੇ। ਮਨੁੱਖਤਾ ਆਪਣੇ ਵਾਤਾਵਰਣ, ਸਿਹਤ, ਸਿਖਿਆ ਅਤੇ ਸਫਲਤਾ ਲਈ ਨਿਰਸੰਕੋਚ ਅਤੇ ਨਿਰਸੁਆਰਥ ਹੋ ਕੇ ਵਿਚਰੇ ਅਤੇ ਨਾਲ ਦੀ ਨਾਲ ਉਹ ਸ਼ਕਤੀ ਸਾਲੀ ਪ੍ਰਭੂ ਪ੍ਰਮਾਤਮਾ ਦਾ ਗੁਣਗਾਨ ਵੀ ਕਰੇ।...ਸੀਰੀਆ, ਤੁਰਕੀ, ਈਰਾਨ, ਈਰਾਕ ਵਿੱਚ ਭੱਖ ਰਹੀ ਆਈ. ਐਸ. ਆਈ. ਐਸ. ਨਾਲ ਜੰਗ ਨੂੰ ਵਿਰਾਮ ਮਿਲੇ।

# ਪੁਸਤਕ ਸਮੀਖਿਆ

## ਸਿਸਟਮ ਦੇ ਬਦਲਾਵ ਦੀ ਕਵਿਤਾ 'ਸੱਚ ਦੇ ਪਾਂਧੀ'

**ਤੇਜਵੰਤ ਮਾਨ (ਡਾ.)**

'ਸੱਚ ਦੇ ਪਾਂਧੀ' ਸੰਦੀਪ ਸਿੰਘ ਸਲੋਹ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਉਸ ਦੀਆਂ ਕਵਿਤਾਵਾਂ ਦਾ ਪਾਠ ਕਰਦਿਆਂ ਮੇਰੇ ਲਈ ਤਸੱਲੀ ਵਾਲਾ ਪ੍ਰਭਾਵ ਇਹ ਬਣਿਆ ਕਿ ਉਸ ਦੀਆਂ ਸਾਰੀਆਂ ਕਵਿਤਾਵਾਂ ਦੀ ਦਿਸ਼ਾ ਇਕ ਫੁਟਬਾਲ ਦੇ ਖਿਡਾਰੀ ਦੀ ਗੋਲ ਕਿੱਕ ਵਾਂਗ ਸਹੀ ਨਿਸ਼ਾਨੇ ਵੱਲ ਸੇਧਤ ਹੈ। ਇਹ ਵੱਖਰੀ ਗੱਲ ਹੈ ਕਿ ਉਸ ਸੇਧ ਦਾ ਨਤੀਜਾ ਆਪਣੇ ਆਦਰਸ਼ ਦੀ ਪ੍ਰਾਪਤੀ ਵਿੱਚ ਨਿਕਲਦਾ ਹੈ ਜਾਂ ਮੁੜ ਕੋਸ਼ਿਸ਼ ਕਰਨ ਦੇ ਦ੍ਰਿੜ ਇਰਾਦੇ ਦੀ ਪਕਿਆਈ ਵਿਚ। ਸੰਦੀਪ ਸਿੰਘ ਦੇ ਫੁਟਬਾਲ ਦਾ ਖਿਡਾਰੀ ਹੋਣ ਦੀ ਪੁਸ਼ਟੀ ਜਿਥੇ ਕਵੀ ਦੇ ਆਪ 'ਧੰਨਵਾਦ' ਅਕਵਾਨ ਹੇਠ ਲਿਖੇ ਸ਼ਬਦ ਕਰਦੇ ਹਨ ਓਥੇ ਇਸ ਕਾਵਿ ਸੰਗ੍ਰਹਿ ਦੀ ਆਖਰੀ ਕਵਿਤਾ 'ਅੰਤਿਮ ਇੱਛਾ' ਵੀ ਕਰਦੀ ਹੈ ਜਿਤੇ ਕਵੀ ਆਪਣੀ ਮੌਤ ਤੋਂ ਬਾਅਦ ਆਪਣੀ ਅਰਥੀ ਨੂੰ ਫੁੱਟਬਾਲ ਦੇ ਗਰਾਊਂਡ ਦਾ ਗੇੜਾ ਲਗਵਾਉਣ ਦੀ ਚਾਹਨਾ ਕਰਦਾ ਹੈ।

ਮੈਨੂੰ ਮੇਰੇ ਪਿੰਡ ਦੇ ਸਮਸ਼ਾਨ ਵਿਚ ਹੀ ਫੂਕਿਓ
ਜਿਥੇ ਮਰਜ਼ੀ ਮਰਾਂ ਆਪਣੇ ਅਵਾਮ ਵਿਚ ਹੀ ਫੂਕਿਓ
ਉਸ ਰਾਹ ਤੋਂ ਮੈਨੂੰ ਇਕ ਵਾਰ ਜ਼ਰੂਰ ਲੰਘਾ ਦੇਣਾ
ਜਿਹੜੇ ਰਾਹ ਤੋਂ ਮੈਂ ਜਾਂਦਾ ਹੁੰਦਾ ਸੀ ਸਕੂਲ
ਉਹ ਫੁਟਬਾਲ ਦੀ ਗਰਾਊਂਡ ਦਾ ਵੀ ਗੇੜਾ ਲਵਾ ਦਿਓ
ਜਿਥੇ ਰੋਜ਼ ਸਾਮ ਨੂੰ ਖੇਡਣ ਦਾ ਪੱਕਾ ਸੀ ਅਸੂਲ

ਕਵੀ ਸੰਦੀਪ ਇਸ ਕਾਵਿ ਸੰਗ੍ਰਹਿ ਦੇ ਆਰੰਭ ਵਿੱਚ ਆਪਣੇ ਵੱਲੋਂ 'ਦੋ ਸ਼ਬਦ' ਲਿਖਾਦਿਆਂ ਹਲੀਮੀ ਨਾਲ ਸਵੀਕਾਰ ਕਰਦਾ ਹੈ ਕਿ ਉਹ ਕੋਈ ਕਵੀ ਜਾਂ ਲਿਖਾਰੀ ਨਹੀਂ, ਉਸ ਨੇ ਤਾਂ ਸਮਾਜ ਅੰਦਰ ਹੋ ਰਹੀਆਂ ਮਨੁੱਖਤਾ ਵਿਰੋਧੀ ਸਾਜ਼ਿਸ਼ੀ ਘਟਨਾਵਾਂ, ਗੱਲਾਂ, ਅਤੇ ਉਨ੍ਹਾਂ ਦੀ ਲਪੇਟ ਵਿਚ ਆ ਰਹੇ ਸਧਾਰਨ ਮਨੁੱਖ ਦੀਆਂ ਸਥਿਤੀਆਂ ਨੂੰ ਲੈ ਕੇ ਬਿਨਾਂ ਕਿਸੇ ਡਰ ਅਤੇ ਪੱਖਪਾਤ ਦੇ ਸੱਚੀ ਛੰਦਾ-ਬੰਦੀ ਜਾਂ ਤੁਕ ਬੰਦੀ ਕੀਤੀ ਹੈ। ਨਾਲ ਹੀ ਕਵੀ ਨੇ ਦਾਹਵਾ ਕੀਤਾ ਹੈ ਕਿ ਉਸ ਨੂੰ ਸਮਕਾਲੀ ਸਿਸਟਮ ਨਾਲ ਗੁੱਸਾ ਹੈ ਅਤੇ ਉਸ ਨੇ ਇਹ ਗੁੱਸਾ ਇਸ ਪੁਸਤਕ ਦੇ ਪੰਨਿਆਂ ਉਤੇ ਉਤਾਰ ਦਿੱਤਾ ਹੈ। ਇਸ ਸਿਸਟਮ ਨੂੰ ਬਦਲਣਾ ਪੈਣਾ ਹੈ ਅਤੇ ਇਹ ਬਦਲਾਵ ਬਿਨਾਂ ਕੁਰਬਾਨੀਆਂ ਦੇ ਨਹੀਂ ਆ ਸਕਦਾ। ਇਤਿਹਾਸ



ਵਿੱਚ ਸੱਚ ਦੇ ਪਾਧੀਆਂ ਨੇ ਇਸ ਸਿਸਟਮ ਨੂੰ ਬਦਲਣ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਅਤੇ ਉਸ ਨੇ ਕੁਰਬਾਨੀਆਂ ਦੇ ਇਸ ਸੁਭਾਅ ਨੂੰ ਨਿਰੰਤਰ ਗਤੀਸ਼ੀਲ ਰੱਖਣ ਲਈ ਆਪਣੀ ਤੁਕਬੰਦੀ ਵਿੱਚ ਕਾਮਨਾ ਕੀਤੀ ਹੈ। ਸੰਦੀਪ ਸਿੰਘ ਦੇ ਇਸ ਸਿਰਜਨਾਤਮਕ ਲੋਕ-ਹਿਤੈਸ਼ੀ ਦਾਹਵੇ ਦੀ ਪੁਸ਼ਟੀ ਲਈ ਮੈਂ ਇਸ ਸੰਗ੍ਰਹਿ ਦੇ ਕਾਵਿ-ਪਾਠ ਵਿਚੋਂ ਕਲਾਤਮਿਕ ਉਚਤਾ ਦੀ ਤਲਾਸ਼ ਕਰਨ ਲਈ ਨਹੀਂ ਸਗੋਂ ਸਿਸਟਮ ਦੇ ਬਦਲਾਵ ਦੀਆਂ ਜੁਗਤਾਂ ਨੂੰ ਕਵੀ ਦੇ ਆਪਣੇ ਨੁਕਤਾ-ਨਿਗਾਹ ਤੋਂ ਸਮਝਣ ਲਈ ਉਸ ਦੁਆਰਾ ਕਲਮਬੱਧ ਕੀਤੀ ਗਈ ਪਾਠ-ਸਿਰਜਨਾ (ਕਵੀ ਦੇ ਆਪਣੇ ਸ਼ਬਦਾਂ ਵਿੱਚ ਤੁਕ-ਬੰਦੀ) ਵਿੱਚ ਪਰਵੇਸ਼ ਕੀਤਾ ਤਾਂ ਮੈਨੂੰ ਤਸੱਲੀ ਇਸ ਗੱਲ ਦੇ ਵਧੇਰੇ ਹੋਈ ਕਿ ਉਸ ਦਾ ਕਾਵਿ ਆਵੇਸ਼ੀ ਨਹੀਂ ਸਗੋਂ ਪ੍ਰਵੇਸ਼ੀ ਹੈ। ਉਹ ਕਿਸੇ ਵੀ ਸਥਿਤੀ ਦੇ ਵਾਪਰਨ ਜਾਂ ਉਸ ਉਤੇ ਹੋਏ ਪ੍ਰਤੀਕਰਮ ਨੂੰ ਆਵੇਸ਼ੀ ਨਹੀਂ ਮੰਨਦਾ ਸਗੋਂ ਉਨ੍ਹਾਂ ਦੇ ਵਾਪਰਨ ਅਤੇ ਪ੍ਰਤੀਕਰਮ ਕਰਨ ਦੇ ਕਾਰਕੀ ਪ੍ਰਵੇਸ਼ ਵਿੱਚ ਵਿਸ਼ਵਾਸ ਰੱਖਦਾ ਹੈ।

ਅਸੀਂ ਤਾਂ ਹਾਂ ਸੱਚ ਦੇ ਪਾਂਧੀ।
ਬੰਦੇ ਦੀ ਦੱਸੀ ਕਿਵੇਂ ਜਿੰਦ ਕੁਰਲਾਂਦੀ।
ਅਸਲ ਜ਼ਿੰਦਗੀ ਦੀ ਸੱਚਾਈ ਲਿਖੀ ਹੈ।
ਪੈਂਦੀ ਜੋ ਨਿਤ ਹਾਲ ਦੁਹਾਈ ਲਿਖੀ ਹੈ।
ਗਰੀਬਾਂ ਲਈ ਬੜਾ ਨਰਮ ਹੈ ਲਿਖਿਆ।
ਮਸੰਦਾਂ ਲੋਟੂਆਂ ਲਈ ਗਰਮ ਹੈ ਲਿਖਿਆ।
ਸਾਧ ਪਾਖੰਡੀ ਵੀ ਵਿਚ ਧਰੇ ਨੇ।
ਪਾਪ ਉਨ੍ਹਾਂ ਨੇ ਬੜੇ ਕਰੇ ਨੇ।
ਗੁੱਸਾ ਉਨ੍ਹਾਂ ਤੇ ਜੋ ਨੇ ਬੇਈਮਾਨ
ਮਿੱਤਰ ਨੇ ਉਹ ਜਿਨ੍ਹਾਂ ਵੇਚਿਆ ਨਹੀਂ ਈਮਾਨ।

ਅੱਜ ਜਦੋਂ ਵਿਸ਼ਵ ਮੰਡੀ ਦੇ ਉਤਪਾਦਕੀ ਵਿਕਾਸ ਮਾਡਲ ਅਨੁਸਾਰ ਉਸਰਿਆ ਉਪ-ਭੋਗੀ (Consumerist) ਵਿਵਹਾਰ ਮਾਨਵੀ ਕਦਰਾਂ ਕੀਮਤਾਂ ਨੂੰ ਤਹਿਸ-ਨਹਿਸ ਕਰਕੇ ਸ਼ੈਤਾਨੀ ਅਤੇ ਹੈਵਾਨੀ ਜਿਉਣ ਮੁੱਲਾਂ ਸਥਾਪਤ ਕਰ ਰਿਹਾ ਹੈ ਤਾਂ ਇਸ ਸਥਿਤੀ ਪ੍ਰਤੀ ਕਵੀ ਸੰਦੀਪ ਆਪਣਾ ਪ੍ਰਤੀਕਰਮ ਆਪਣੇ ਦੁਆਲੇ ਦੇ ਅਨੁਭਵੀ ਸਾਪੇਖਤਾ ਅਨੁਸਾਰ ਬੜੇ ਹੀ ਤਿੱਖੇ ਰੂਪ ਵਿੱਚ, ਕਦੇ ਕਦੇ ਗੁਸੈਲ ਰੂਪ ਵਿੱਚ ਦਿੰਦਾ ਹੈ। ਉਸ ਦੇ ਇਸ ਤਰ੍ਹਾਂ ਦੇ ਸੱਚੇ ਪਰ ਸਾਪੇਖੀ ਪ੍ਰਤੀਕਰਮ ਦੇ ਕਵਿ-ਰੂਪਾਂਤਰਨ ਵਿੱਚੋਂ ਸਮਕਾਲੀ ਸਮਾਜਿਕ, ਆਰਥਕ, ਰਾਜਨੀਤਕ, ਸਭਿਆਚਾਰਕ ਅਤੇ ਸ਼ਬਦਅਰਥੀ ਦਾਰਸ਼ਨਿਕ ਬਿਰਤਾਂਤ ਦੀ ਬੜੀ ਹੀ ਚਿੰਤਾਜਨਕ ਸਥਿਤੀ ਦੀ ਸਮਝ ਪੈਂਦੀ ਹੈ ਕਵੀ ਇਸ ਨਿਘਾਰ ਲਈ ਜ਼ਿੰਮੇਵਾਰ ਲੁਟੇਰਿਆਂ,

ਸ਼ੈਤਾਨੀ, ਮਾਇਆ ਧਾਰੀ ਏਕਾਅਧਿਕਾਰ ਦੀਆਂ ਮੁਦੱਈ ਨਿਰੰਕੁਸ਼ ਧਿਰਾਂ ਨੂੰ ਆਪਣੀ ਆਲੋਚਨਾਤਮਿਕ ਦ੍ਰਿਸ਼ਟੀ ਦੇ ਕੇਂਦਰ ਵਿੱਚ ਰਖਦਾ ਹੈ ਉਥੇ ਉਹ ਕਈ ਵਾਰ ਉਹ ਆਪਣੀ ਮਹਾਤਮੀ ਪਰਮ-ਸ਼ਕਤੀ ਰੱਬ ਦੀ ਨਿਰਪੇਖਤਾ ਨੂੰ ਵੀ ਚੈਲੰਜ ਕਰ ਦਿੰਦਾ ਹੈ।

ਮੂੰਹ ਤੇ ਤਾਲਾ ਲਗਿਆ ਹੈ
ਅਕਲਾਂ ਨੂੰ ਜਾਲਾ ਲਗਿਆ ਹੈ
ਪੁੰਨਿਆਂ ਤੋਂ ਵੱਧ ਮੱਸਿਆ ਪਿਆਰੀ ਹੈ
ਅਸੀਂ ਹਨ੍ਹੇਰਿਆਂ ਵਿੱਚ ਉਮਰ ਗੁਜ਼ਾਰੀ ਹੈ
ਸੰਦੀਪ ਸਭ ਹੱਕ ਗਵਾ ਕੇ ਬੈਠੇ ਹਾਂ
ਆਪਣਾ ਆਪ ਲੁਟਾਕੇ ਬੈਠੇ ਹਾਂ
ਕੁਝ ਸਾਡੀ ਚੁਪ ਦੀ ਜ਼ਿੰਮੇਵਾਰੀ ਹੈ
ਬਹੁਤੀ ਸ਼ੈਤਾਨੀ ਸਿਸਟਮ ਦੀ ਹੁਸ਼ਿਆਰੀ ਹੈ।

ਅੱਜ ਫੇਰ ਜਦ ਸੂਰਜ ਢਲਦਾ ਦੇਖਿਆ।
ਕਿਸੇ ਕਿਰਤੀ ਦਾ ਦਿਲ ਜਲਦਾ ਦੇਖਿਆ।
ਉਹ ਅੱਜ ਫੇਰ ਖਾਲੀ ਹੱਥ ਘਰ ਗਿਆ
ਬੱਚਿਆਂ ਦੇ ਸੀਨੇ ਭੁੱਖ ਦਾ ਤੀਰ ਚਲਦਾ ਦੇਖਿਆ।

ਇਕ ਗੱਲ ਵਾਰ ਵਾਰ ਚਾਹੁੰਦਾ ਹਾਂ ਦੁਹਰਾਉਣੀ
ਜੀ ਹਜ਼ੂਰੀ ਕਰਕੇ ਨਹੀਂ ਉਮਰ ਲੰਘਾਉਣੀ।
ਥੋੜਾ ਹੀ ਜੀਓ ਪਰ ਜੀਓ ਸਿਰ ਉਠਾਕੇ
ਝੁਕਾ ਕੇ ਸਿਰ ਜੀਣ ਨਾਲੋਂ ਮਾਰ ਜਾਓ ਸਿਰ ਕਟਾਕੇ।

ਜਿਥੋਂ ਤੱਕ ਮੈਨੂੰ ਸੰਦੀਪ ਦੇ ਸਮਕਾਲ ਨੂੰ ਸਮਝਣ ਦੇ ਨੁਕਤਾ ਨਿਗਾਹ ਦੀ ਸਮਝ ਆਈ ਹੈ ਉਹ ਪੂਰੀ ਤਰ੍ਹਾਂ ਤਰਕ ਸੰਗਤ ਅਸਵੀਕਾਰਤਾ (Logical denial) ਦਾ ਕਵੀ ਹੈ। ਉਸ ਨੂੰ ਤਾਂ ਆਪਣੀ ਕਵਿਤਾ ਦੇ ਮਰ ਜਾਣ ਦਾ ਵੀ ਫਿਕਰ ਹੈ। ਜ਼ੁਲਮ, ਤਸ਼ੱਦਦ, ਚੀਕ, ਪੁਕਾਰ, ਭੁੱਖ, ਲੁੱਟ, ਗੁੰਡਾ ਗਰਦੀ, ਕਾਮ, ਭੋਗ, ਰੋਗ, ਜਹਾਲਤ, ਅਨਿਆਂ , ਸੀਨਾ-ਜ਼ੋਰੀ, ਧੌਂਸ, ਦਲਾਲੀ, ਰਿਸ਼ਵਤਖੋਰੀ, ਲੁੱਚਾ ਵਿਵਹਾਰ, ਬਲਾਤਕਾਰ ਮਾਨਵ ਦੀ ਥਾਂ ਪਸ਼ੂ ਜੀਵਨ ਮੁਲਾਂ ਦੀ ਸੜ੍ਹਾਂਦ ਦੀ ਸਥਿਤੀ ਨੇ ਕਵੀ ਸੰਦੀਪ ਨੂੰ ਹੀ ਨਹੀਂ ਉਸ ਦੇ ਦੁਆਲ ਦੇ ਲੋਕਾਂ ਨੂੰ ਵੀ ਸੁੰਨ ਕਰ ਦਿੱਤਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਸੰਦੀਪ ਇਸ ਸੁੰਨ ਦੀ ਸਥਿਤੀ ਨੂੰ ਤੋੜਨਾ ਚਾਹੁੰਦਾ ਹੈ ਇਸ ਪ੍ਰਕਿਰਿਆ ਵਿੱਚ ਉਹ ਪਰੈਸ਼ਰ ਕੁੱਕਰ ਦੀ ਤਰ੍ਹਾਂ ਫੱਟ ਜਾਂਦਾ ਹੈ।ਆਮ ਲੋਕ ਇਸ ਸੁੰਨ ਦੀ ਸਥਿਤੀ ਨੂੰ ਰੱਬ ਦੀ ਰਜ਼ਾ ਸਮਝਦੇ ਹਨ ਅਤੇ ਉਸ



ਦੀ ਮਿਹਰ ਦੀ ਉਡੀਕ ਕਰਦਿਆਂ ਕਰਦਿਆਂ ਗਤੀ-ਹੀਣ, ਭਾਵ-ਹੀਣ, ਅਣਖਹੀਣ, ਬਲਹੀਣ, ਗਿਆਨ-ਹੀਣ, ਕਾਰਕ-ਹੀਣ ਹੋ ਗਏ ਹਨ। ਸੰਦੀਪ ਇਸ ਸਥਿਤੀ ਤੋਂ ਦੁਖੀ ਹੈ। ਇਸ ਦੁਖਦੀ ਟਰੀਟਮੈਂਟ ਕਰਨ ਲੱਗਿਆਂ ਕਈ ਵਾਰ ਅੰਤਰ-ਮੁਖੀ ਹੋ ਕੇ ਨਿੱਜੀ ਬਹਾਦਰੀ ਦੀ ਨਿਰਪੇਖਕਤਾ (absolutness) ਦਾ ਵਿਸ਼ਵਾਸ ਹੋ ਜਾਂਦਾ ਹੈ। ਅਜਿਹੀ ਨਿੱਜੀ-ਬਹਾਦਰੀ ਦੀ ਲੋਕ-ਹਿਤੈਸ਼ੀ ਵਰਤੋਂ ਦਾ ਮੈਟਾਫ਼ਰ ਸਾਡੇ ਪੰਜਾਬੀ ਕਿੱਸਾ ਕਾਵਿ ਦੇ ਬਹਾਦਰ ਡਾਕੂ ਨਾਇਕਾਂ ਦੀ ਕਾਰਜੀ ਧੁਨੀ ਦੇ ਰੂਪ ਵਿੱਚ ਪ੍ਰਾਪਤ ਹੈ। ਜਿਉਣਾ, ਸੁੱਚਾ, ਹਰ ਫੂਲ, ਕੁੰਢਾ, ਰਾਮਣ, ਚੰਦ ਫਗੂ, ਦਰਬਾਰਾ, ਲਾਲ ਸਿੰਘ ਦਲੇਰ ਆਦਿ ਸੂਰਮੇ ਸਮੇਂ ਦੇ ਹਾਲਾਤਾਂ ਦੇ ਸਤਾਏ ਹੋਏ ਰਫ਼ਲਾਂ ਚੱਕ ਆਪਣੇ ਅਤੇ ਲੋਕਾਂ ਦੇ ਦੁਖਾਂ ਦੀ ਦਵਾ-ਦਾਰੂ ਕਰਨ ਲਈ ਨਿਕਲੇ ਪਰ ਮੁੜ ਘਰ ਵਾਪਸ ਨਹੀਂ ਆ ਸਕੇ। ਉਹ ਬਹੁਤ ਬਹਾਦਰ ਸਨ, ਲੋਕ-ਹਿਤੈਸ਼ੀ ਸਨ, ਆਪਣੇ ਸਮਕਾਲ ਦੀਆਂ ਕਦਰਾਂ ਕੀਮਤਾਂ ਤੋਂ ਨਾਬਰ ਸਨ, ਸੰਘਰਸ਼ੀ ਸਨ, ਕੁਰਬਾਨੀ ਕਰ ਜਾਣ ਦਾ ਮਾਦਾ ਰੱਖਦੇ ਸਨ ਪਰ ਉਹ ਇਕ ਨਾਬਰੀ, ਸਮਕਾਲੀ ਮਾਨਵ ਵਿਰੋਧੀ ਮੁੱਲਾਂ ਦੀ ਅਸਵੀਕਾਰਤਾ ਨੂੰ ਲੋਕ-ਸੰਘਰਸ਼ ਨਹੀਂ ਬਣਾ ਸਕੇ। ਜਾਂ ਤਾਂ ਸੰਦੀਪ ਦੇ ਨੁਕਤਾ ਨਿਗਾਹ ਤੋਂ ਲੋਕ ਹੀ ਹੀਜੜੇ ਬਣ ਚੁੱਕੇ ਸਨ ਜਾਂ ਉਹ ਬਹਾਦਰ ਆਪਣੀ ਮੰਤਵੀ ਮੰਜ਼ਿਲ ਹਾਸਲ ਕਰਨ ਦੇ ਆਦਰਸ਼ ਨੂੰ ਲੋਕ-ਆਦਰਸ਼ ਵਿੱਚ ਰੂਪਾਂਤਰਿਤ ਨਹੀਂ ਕਰ ਸਕੇ।

ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਸੰਦੀਪ ਆਪਣੇ ਕਾਵਿ ਵਿਚਲੀ ਗੁਸੈਲ, ਵਿਸਫੋਟੀ, ਬਿਨਾਂ ਸਿੱਟਾ ਕੁਰਬਾਨੀ ਦੇ ਸੰਕਲਪਾਂ ਬਾਰੇ ਇਕ ਠਹਿਰਾਓ ਦੀ ਸਥਿਤੀ ਵਿੱਚ ਪੁਨਰ-ਵਿਚਾਰ ਕਰਦਾ ਹੈ।

ਅਸੀਂ ਲੜਦੇ ਹਾਂ ਦਾਤੀਆਂ ਨਾਲ
ਰੱਬੀਆਂ ਨਾਲ ਕਹੀਆਂ ਨਾਲ
ਅਸੀਂ ਲੜਦੇ ਹਾਂ ਕਿਉਂਕਿ ਮਜ਼ਦੂਰ ਹਾਂ
ਅਸੀਂ ਕਿਰਸਾਨ ਹਾਂ ਮਜ਼ਬੂਰ ਹਾਂ
ਅਸੀਂ ਗਰੀਬ ਹਾਂ ਅਸੀਂ ਲਾਚਾਰ ਹਾਂ.
ਅਸੀਂ ਲੜਦੇ ਹਾਂ ਮਿੱਟੀ ਧੂੜ ਧੁੱਪ ਨਾਲ
ਪੋਹ ਮਾਘ ਦੀਆਂ ਠੰਡੀਆਂ ਰਾਤਾਂ ਨਾਲ
ਸਾਡੀ ਹੀ ਧਾਰੀ ਹੋਈ ਚੁੱਪ ਨਾਲ
ਅਸੀਂ ਲੜਨਾ ਨਹੀਂ ਛੱਡ ਸਕਦੇ
ਯੁੱਗਾਂ ਤੋਂ ਲੜਦੇ ਆਏ ਹਾਂ ਤੇ ਹੁਣ ਵੀ ਲੜਦੇ ਹਾਂ
ਇਹ ਲੜਨਾ ਹੀ ਸਾਡੀ ਜਿਉਣਾ ਹੈ ਸੰਦੀਪ

ਇਸ ਜਿਉਣ ਲਈ ਹੀ ਅਸੀਂ ਲੜਦੇ ਹਾਂ।

ਮੈਂ ਇਕ ਇਨਸਾਨ ਹਾਂ
ਨਾ ਲਾਦੇਨ ਹਾਂ ਨਾ ਸਦਾਮ ਹਾਂ
ਆਪਣੇ ਹੱਕਾਂ ਦੀ ਰਾਖੀ ਕਰੇ ਕੋਈ
ਬੁਸ਼ ਲਈ ਨਾ ਮੈਂ ਤੇਲ-ਦਾ ਗੁਦਾਮ ਹਾਂ
ਨਾ ਮੈਂ ਕੋਈ ਪੋਰਸ ਹਾਂ
ਨਾ ਮੈਂ ਕੋਈ ਸਿਕੰਦਰ ਹਾਂ
ਕਿਦਾਂ ਦਿਲ ਕਿਸੇ ਦਾ ਚੀਰ ਦੇਵਾਂ
ਮੈਂ ਕਿਹੜਾ ਕੋਈ ਖੰਜਰ ਹਾਂ।
ਮੈਂ ਵੀ ਇਕ ਜਾਨ ਹਾਂ ਸੰਦੀਪ
ਮੈਂ ਵੀ ਇਕ ਇਨਸਾਨ ਹਾਂ

ਪਰ ਉਪਰੋਕਤ ਸਵੈ-ਵਿਸ਼ਲੇਸ਼ਨੀ ਪ੍ਰਗਟਾਵਾ ਸਾਡੇ ਕਵੀ ਸੰਦੀਪ ਨੂੰ ਭਾਂਜਵਾਦੀ, ਨਿਸੱਲ, ਨਿਸ਼ਚਾਹੀਣ, ਗਤੀ-ਹੀਣ ਨਹੀਂ ਕਰਦਾ ਸਗੋਂ ਸਮਾਜਿਕ ਸਥਿਤੀਆਂ ਦੇ ਬਦਲਾਵ ਲਈ ਆਪਣੇ ਵਿਰਾਸਤੀ ਸੰਘਰਸ਼ਾਂ ਦੀ ਸਿਆਣਪ ਦੀ ਪਹਿਚਾਣ, ਆਪਣੀ ਸ਼ਕਤੀ ਦੀ ਲੋਕਾਇਤੀ ਵਰਤੋਂ ਦੀ ਚੇਤਨਾ, ਲੰਮੇ ਸੰਘਰਸ ਦੀ ਦ੍ਰਿੜ੍ਹਤਾ, ਵਿਰੋਧੀ ਦੀ ਦੋਚਿਤੀ ਤੋਂ ਰਾਹਤ ਪ੍ਰਦਾਨ ਕਰਦਾ ਹੈ। ਸੱਚ ਦਾ ਪੰਧ ਬਹੁਤ ਸਾਰੀਆਂ ਔਕੜਾਂ, ਮੁਸੀਬਤਾਂ, ਨਿਰਾਸ਼ਤਾਵਾਂ, ਨੁਕੀਲੇ ਕੰਡਿਆਂ, ਚੁਭਮੇਂ ਪੱਥਰਾਂ ਨਾਲ ਭਰਿਆ ਹੁੰਦਾ ਹੈ। ਇਹ ਕੋਈ ਸੁਆਦਲਾ ਰਸਗੁੱਲ੍ਹੇ ਦਾ ਰੱਸ ਨਹੀਂ ਸਗੋਂ ਔਲੇ ਦਾ ਬਕਬਕਾਪਣ ਹੁੰਦਾ ਹੈ। ਸੰਦੀਪ ਆਪਣੇ ਕਾਵਿ ਰਾਹੀਂ ਵਿਰਾਸਤੀ ਸੰਘਰਸ਼ੀ ਲੋਕਾਂ ਦੀਆਂ ਕੁਰਬਾਨੀਆਂ, ਝੱਲੀਆਂ ਮੁਸੀਬਤਾਂ ਦਾ ਜ਼ਿਕਰ ਕਰਦਾ ਹੈ।

ਦੇਸ਼ ਆਪਣੇ ਨੂੰ ਆਜ਼ਾਦ ਕਰਵਾਉਣ ਦੇ ਲਈ
ਲੱਖਾਂ ਸੂਰਬੀਰਾਂ ਦਿੱਤੀਆਂ ਕੁਰਬਾਨੀਆਂ ਸੀ
ਭਗਤ, ਸਰਾਭੇ ਜਿਹੇ ਅਨੇਕਾਂ ਯੋਧਿਆਂ ਨੇ
ਲਾਈਆਂ ਦੇਸ਼ ਦੇ ਲੇਖੇ ਜਵਾਨੀਆਂ ਸੀ।
ਹੱਸ ਹੱਸ ਕੇ ਉਹਨਾਂ ਸੀ ਮੌਤ ਨੂੰ ਚੁਣਿਆ।
ਕਿਸੇ ਗੱਲੋਂ ਨਾ ਸੂਰਮਾ ਘਬਰਾਏ ਸੀ
ਕਰਵਾਉਣ ਲਈ ਦੇਸ਼ ਅਜ਼ਾਦ ਉਹਨਾਂ
ਲੱਖਾਂ ਹੀ ਦੁੱਖ ਦਰਦ ਹੰਢਾਏ ਸੀ।
ਜ਼ਿੰਦਗੀ ਦੀਆਂ ਰਾਹਾਂ ਤੇ ਚੱਲਣਾ ਅਸਾਨ ਨਹੀਂ ਹੁੰਦਾ



ਕਰਕੇ ਜਿਤਾਉਣਾ ਕਿਸੇ ਨੂੰ ਕਦੀ ਅਹਿਸਾਨ ਨਹੀਂ ਹੁੰਦਾ।
ਸੂਰਮਾ ਹੈ ਉਹ ਜਿਹੜਾ ਕਰਕੇ ਦਿਖਾਵੇ
ਖਾਲੀ ਗੱਲਾਂ ਨਾਲ ਕੋਈ ਮਹਾਨ ਨਹੀਂ ਹੁੰਦਾ।
ਸਾਰਾ ਪਰਿਵਾਰ ਵਾਰਿਆ ਗੁਰੂ ਗੋਬਿੰਦ ਸਿੰਘ ਜੀ,
ਸੰਦੀਪ ਹਰ ਕੋਲੋਂ ਆਪਾ ਕੁਰਬਾਨ ਨਹੀਂ ਹੁੰਦਾ।

ਸੰਦੀਪ ਕਲਮ ਦੀ ਸਿਰਜਨਾਤਮਿਕ ਸ਼ਕਤੀ ਵਿੱਚ ਵਿਸ਼ਵਾਸ ਰੱਖਦਾ ਹੈ। ਸੱਚ ਦੀ ਰਾਹ ਤੇ ਚੱਲਣ ਵਾਲੇ ਕਰਮਸ਼ੀਲ ਲੋਕਾਂ ਦਾ ਸਾਥ ਦਿੰਦਿਆਂ ਅਜਿਹੀ ਬਦਲਾਵੀ ਸਾਪੇਖਕ ਸਥਿਤੀ ਦਾ ਸਾਹਮਣਾ ਕਰਦਾ ਹੈ ਜੋ ਉਸ ਦੇ ਕਾਲਪਨਿਕ ਆਦਰਸ਼ (utopia) ਦੀ ਪ੍ਰਾਪਤੀ ਲਈ ਗਤੀਸ਼ੀਲ ਹੋਣ ਲਈ ਜ਼ਰੂਰੀ ਹੈ।

ਕਲਮ ਵਿਚ ਤਾਂ ਤਾਕਤ ਹੁੰਦੀ ਏ
ਕਿਸੇ ਤਲਵਾਰ ਜਾਂ ਬੰਦੂਕ ਤੋਂ ਵੱਧ
ਕਲਮ ਤਾਂ ਲਿਆ ਸਕਦੀ ਹੈ
ਕ੍ਰਾਂਤੀ ਜਾਂ ਫਿਰ ਲੋਕ ਇਨਕਲਾਬ
ਕਲਮ ਤਾਂ ਵਖਤ ਪਾ ਸਕਦੀ ਹੈ
ਮਕਾਰ ਆਗੂਆਂ ਨੂੰ
ਜਦੋਂ ਕਲਮ ਲਿਖਣੋ ਰੁਕ ਜਾਂਦੀ ਹੈ
ਸੱਚ ਲਿਖਣੋ ਭੁੱਲ ਜਾਂਦੀ ਹੈ
ਉਸ ਦਿਨ ਸੰਦੀਪ ਨਵਾਂ ਦੌਰ ਆਵੇਗਾ
ਕਾਗਜਾਂ ਦੀ ਥਾਂ ਦਿਲਾਂ 'ਚ ਲਿਖਿਆ ਜਾਵੇਗਾ
ਤੇ ਸ਼ਰਮਸਾਰ ਹੋ ਜਾਵੇਗੀ ਸੁਤੀ ਹੋਈ ਕਲਮ

ਮੈਂ ਸੰਦੀਪ ਸਿੰਘ ਸਲੋਹ ਤੋਂ ਆਸ ਕਰਦਾ ਹਾਂ ਕਿ ਉਹ ਸੱਚ ਦਾ ਪਾਂਧੀ ਬਣਿਆ ਰਹੇਗਾ ਅਤੇ ਅਪਾਣੀ ਕਲਮ ਨੂੰ ਲੋਕ-ਹਿੱਤਾਂ ਦੇ ਪੱਖ ਵਿੱਚ ਖੜ੍ਹਨ ਦੀ ਗਤੀਸ਼ੀਲ ਰਵਾਨਗੀ ਦਿੰਦਾ ਰਹੇਗਾ।

**ਤੇਜਵੰਤ ਮਾਨ** (ਡਾ.)

◆◆◆

# ਸਤਵਿੰਦਰ ਬੇਗੋਵਾਲੀਆ ਰਚਿਤ 'ਗ੍ਰਹਿਸਤ ਦਾ ਗੱਡਾ'
## ਪੰਜਾਬੀ ਨਾਟ-ਰਚਨਾ ਦੇ ਆਧੁਨਿਕ ਬੋਧ ਦਾ ਪ੍ਰਗਟਾਵਾ

**ਡਾ. ਜਗੀਰ ਸਿੰਘ ਨੂਰ**

ਪੰਜਾਬੀ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿਚੋਂ ਨਾਟਕ ਜਾਂ ਇਕਾਂਗੀ ਵਿਧਾ ਅਜਿਹੀ ਹੈ, ਜਿਸ ਦਾ ਸਿਰਜਨਾਤਮਕ ਵਿਧਾ, ਹੋਰਨਾਂ ਸਾਹਿਤਕ ਰੂਪ-ਵਿਧਾਵਾਂ ਤੋਂ ਬਹੁਤ ਹੀ ਘੱਟ ਸਾਹਮਣੇ ਆ ਰਹੀ ਹੈ। ਸ਼ਾਇਦ ਇਸ ਦਾ ਕਾਰਨ, ਇਸ ਸਾਹਿਤਕ ਵਿਧਾ ਦੇ ਜਟਿਲ ਰਚਨਾਤਮਕ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ ਜਾਂ ਇਹ ਮਿਸ਼ਰਤ ਅਤੇ ਹੁਨਰੀ ਕਲਾ ਹੋਣ ਸਦਕਾ ਬਹੁਤੇ ਸਾਹਿਤ-ਸਿਰਜਕਾਂ ਦੇ ਕਲੇਵਰ ਵਿਚ ਸਿਰਜਣਾ ਪੱਖੋਂ ਆਉਣ ਤੋਂ ਅਸਮਰੱਥ ਹੈ, ਕੁਝ ਵੀ ਕਿਹਾ ਜਾ ਸਕਦਾ ਹੈ! ਪਰੰਤੂ 'ਗ੍ਰਹਿਸਤ ਦਾ ਗੱਡਾ' ਜਿਸ ਵਿਚ ਚਾਰ ਇਕਾਂਗੀ ਸਮਿਲਤ ਹਨ, ਉਕਤ ਵੰਗਾਰ ਦਾ ਚੁਣੌਤੀ ਭਰਿਆ ਦਰ-ਬ-ਦਰ ਸ਼ਾਕਸ਼ਾਤ ਦਰਪਣ ਹੈ।

ਸਤਵਿੰਦਰ ਬੇਗੋਵਾਲੀਆ ਨਿਸ਼ਠਾ ਪੂਰਵ ਨਾਟਕ ਰਚਨਾਤਮਕ ਸਿਰਜਨ ਪ੍ਰਕਿਰਿਆ ਨਾਲ ਹੀ ਕੇਵਲ ਜੁੜਿਆ ਹੋਇਆ ਰਚਨਾਕਾਰ ਨਹੀਂ, ਸਗੋਂ ਚੁਣੌਤੀ ਭਰਪੂਰ ਪ੍ਰਸਥਿਤੀਆਂ 'ਚ, ਓਝੜ-ਸਮਿਆਂ ਵਿਚ ਵੀ ਉਸ ਨੇ ਸਮਕਾਲੀਨ ਪ੍ਰਸਥਿਤੀਆਂ ਦੇ ਅੰਡਬਰਮੁਖੀ ਸਥਾਪਿਤ ਹੋ ਰਹੇ ਮੁੱਲਾਂ ਖਿਲਾਫ਼ ਵੀ ਪਿੰਡ-ਪਿੰਡ ਕਸਬੇ-ਕਸਬੇ ਪੱਧਰ ਦੀਆਂ ਸਾਧਾਰਨ ਤੋਂ ਵਿਸ਼ੇਸ਼ ਸਟੇਜਾਂ ਉਤੇ ਨਾਟਕ ਖੇਡ ਵਿਖਾਏ ਅਤੇ ਦੁਖ਼ਦ-ਸੁਖ਼ਦ ਹਾਲਾਤ ਦੇ ਪਲਾਂ ਨੂੰ ਧੜਕਦੇ ਸੀਨੇ ਉਤੇ ਜਰਿਆ।

ਸੱਚਮੁੱਚ ਨਾਟਕਕਾਰ ਜਾਂ ਨਾਟਕ-ਸਿਰਜਕ ਜਾਂ ਨਾਟਕ-ਪੇਸ਼ ਕਰਤਾ ਦਾ ਹਿਰਦਾ ਵਿਸ਼ਾਲ ਹੁੰਦਾ ਹੈ, ਉਹ ਆਲੇ-ਦੁਆਲੇ ਦੀ ਸਮਾਜਕ, ਰਾਜਸੀ, ਨੈਤਿਕ ਅਤੇ ਧਾਰਮਿਕ ਆਦਿ ਸੰਦਰਭਾਂ ਦੀ ਜੀਵਨ-ਸ਼ੈਲੀ ਦੀ ਤੋਰ ਨੂੰ ਨੇੜਿਓਂ ਤੱਕਦਾ, ਪਛਾਣਦਾ ਅਤੇ ਪੜਚੋਲਦਾ ਹੋਇਆ ਆਪਣੇ ਅੰਤਹ-ਕਰਣ ਦੀਆਂ ਤਹਿ-ਦਰ-ਤਹਿ ਸੀਮਾਵਾਂ 'ਚੋਂ ਅੱਗੇ ਜਾ ਕੇ ਹੀ ਸ਼ਬਦ ਸਿਰਜਣਾ ਜ਼ਰੀਏ ਅਤੇ ਪੁਖ਼ਤਾ ਵਾਤਾਵਰਨ ਜ਼ਰੀਏ ਅਜਿਹੇ ਸਾਹਿਤ ਰੂਪ ਨੂੰ ਪਾਠਕਾਂ ਦੇ ਸਨਮੁੱਖ ਕਰਦਾ ਹੈ। ਅਜਿਹਾ ਸਭ ਕੁਝ ਸਾਨੂੰ ਹੱਥਲੀ ਪੁਸਤਕ ਵਿੱਚ ਅੰਕਿਤ ਚਾਰ ਇਕਾਂਗੀਆਂ (ਨਾਟ-ਰੂਪਾਂ), ਜਿਨ੍ਹਾਂ ਦੇ ਸਿਰਲੇਖ ਹਨ ਕਿ -1. ਚੜ੍ਹ ਜਾ ਜਹਾਜ਼ 'ਤੇ। 2. ਮੈਂ ਮਹਾਂਪੁਰਸ਼ ਨਹੀਂ ਹਾਂ। 3. ਗ੍ਰਹਿਸਤ ਦਾ ਗੱਡਾ। 4. ਸਿਆਸਤ ਇਕ ਸਕੂਲ ਦੀ, ਰਾਹੀਂ ਦ੍ਰਿਸ਼ਟਮਾਨ ਹੁੰਦਾ ਹੈ।

'ਚੜ੍ਹ ਜਾ ਜਹਾਜ਼ 'ਤੇ ਮੱਧ ਵਰਗੀ ਆਰਥਿਕਤਾ ਨਾਲ ਜੁੜੇ ਪਰਿਵਾਰ ਦੀ ਦਸ਼ਾ ਦਾ ਚਿਤਰਣ ਹੈ, ਜਿਸ 'ਚ ਇਸ ਪਰਿਵਾਰ ਗਰੀਬੀ ਜਿਹੀ ਅਵਸਥਾ ਤੋਂ ਨਿਜ਼ਾਤ ਪਾਉਣ ਹਿੱਤ ਪੁੱਤ ਨੂੰ ਔਖੀ ਅਵਸਥਾ 'ਚ ਵੀ ਪਰਦੇਸੀਂ ਤੋਰਦਾ ਹੈ। ਅਨੇਕਾਂ ਦੁਸ਼ਵਾਰੀਆਂ ਝੱਲਦਾ ਪਰਿਵਾਰ ਹੀ ਨਹੀਂ ਦਿਖਾਇਆ ਗਿਆ, ਸਗੋਂ ਜੋ ਵਿਦੇਸ਼ ਜਾਂਦਾ ਹੈ, ਉਸ ਦੀਆਂ ਮੁਸ਼ਕਿਲਾਂ ਦਾ ਵੀ ਇਹ ਇਕਾਂਗੀ ਚਿਤਰਪੱਟ ਪੇਸ਼ ਕਰਦਾ ਹੈ। ਮਾਪਿਆਂ ਦੀ ਬੇਵੱਸੀ ਪਾਠਕਾਂ, ਦਰਸ਼ਕਾਂ ਅਤੇ ਚਿੰਤਕਾਂ ਦੀ ਸੋਚ-ਦ੍ਰਿਸ਼ਟੀ ਨੂੰ ਟੁੰਬਦੀ ਹੈ।



'ਮੈਂ ਮਹਾਂਪੁਰਸ਼ ਨਹੀਂ ਹਾਂ' ਇਕਾਂਗੀ ਵੀ ਨਵ-ਚਿੰਤਨਦਾਰਾ ਦਾ ਬੋਧਕ ਹੈ। ਅਡੰਬਰ ਬਣੇ ਬਾਬਿਆਂ ਅਤੇ ਉਨ੍ਹਾਂ ਦੁਆਰਾ ਸਿਰਜੇ ਪਾਲਕਾਂ (ਚੇਲਿਆਂ) ਦੇ ਕਿਰਦਾਰ ਨੂੰ ਇਹ ਇਕਾਂਗੀ ਪੇਸ਼ ਕਰਦਾ ਹੋਇਆ, ਇਨ੍ਹਾਂ ਦੇ ਛੜਯੰਤਰ 'ਚ ਫਸੇ ਲੋਕਾਂ ਦੇ ਜੀਵਨ ਵਿਹਾਰ ਦਾ ਖ਼ੂਬ ਪ੍ਰਗਟਾਵਾ ਹੈ। ਬਾਬਾ ਭਾਨ ਸਿੰਘ ਦੀ ਥੋੜੇ ਸਮੇਂ 'ਚ ਬਣੀ ਭਲ਼ ਜਦੋਂ ਅਸਲ ਰੂਪ ਵਿਚ ਪ੍ਰਗਟ ਹੋ ਜਾਂਦੀ ਹੈ ਤਾਂ ਬੱਲੇ-ਬੱਲੇ ਦੀ ਥਾਵੇਂ ਹੋਇ! ਹੋਇ! ਜਾਂ ਤੋਇ! ਤੋਇ! ਪਸਰ ਜਾਂਦੀ ਹੈ। ਅਸਲ ਸੋਚ ਧਾਰਕ ਉਕਤ ਪਾਖੰਡ ਨੂੰ ਨੰਗਿਆਂ ਕਰਕੇ ਥਾਂ-ਥਾਂ ਪੱਸਰੇ ਬਾਬਿਆਂ ਦੇ ਦੰਭ ਨੂੰ ਚਰਨ ਸਿੰਘ ਦੇ ਬੋਲਾਂ ਰਾਹੀਂ ਉਘਾੜ ਕੇ ਰੱਖ ਦਿੰਦੇ ਹਨ।

ਹੇਠ ਲਿਖੇ ਵਾਰਤਾਲਾਪ ਵੇਖੋ-

ਮੋਹਨ - ਮੈਂ ਉਹਲੇ ਖੜ੍ਹਾ ਸਭ ਕੁਝ ਦੇਖ ਰਿਹਾ ਸੀ। ਅਸੀਂ ਬਥੇਰਾ ਲੋਕਾਂ ਨੂੰ ਬੁੱਧੂ ਬਣਾਇਐ ਕਈ ਸਾਲ। ਹੁਣ ਹੋਰ ਜ਼ੁਲਮ ਨਹੀਂ ਮੈਂ ਕਰ ਸਕਦਾ। ਸੱਚ ਹੈ ਅਸੀਂ ਮਹਾਂਪੁਰਸ਼ ਨਹੀਂ ਹਾਂ, ਅਸੀਂ ਕੰਮਚੋਰ ਹਾਂ। ( ਰੋ ਪੈਂਦਾ ਹੈ, ਭਾਨ ਸਿੰਘ ਖਿਸਕ ਜਾਂਦਾ ਹੈ)

ਚਰਨ ਸਿੰਘ - ਹਾਂ ਹਾਂ ਲੋਕੋ! ਮਹਾਂਪੁਰਸ਼ ਉਹ ਨੇ ਜੋ ਠਰਦੀਆਂ ਰਾਤਾਂ ਅਤੇ ਕੜਕਦੀ ਧੁੱਪ ਵਿੱਚ ਖੇਤਾਂ ਵਿੱਚ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਅਨਾਜ ਪੈਦਾ ਕਰਦੇ ਨੇ। ਮਹਾਂਪੁਰਸ਼ ਉਹ ਨੇ ਜੋ ਸੜਕਾਂ ਬਣਾਉਂਦੇ ਹੋਏ ਆਪਣੇ ਪਸੀਨੇ ਦੀ ਆਖਰੀ ਬੂੰਦ ਸੜਕਾਂ ਤੇ ਵਹਾ ਦਿੰਦੇ ਨੇ। ਮਹਾਂਪੁਰਸ਼ ਉਹ ਨੇ ਜਿਨ੍ਹਾਂ ਲੋਕਾਂ ਨੇ ਬਿਮਾਰੀਆਂ ਦਾ ਇਲਾਜ ਲੱਭਦੇ ਹੋਏ ਸਾਰੀ ਜ਼ਿੰਦਗੀ ਲੇਖੇ ਲਾ ਦਿੱਤੀ। ਸਾਡੇ ਵਰਗੇ ਵਿਹਲੜ ਮਹਾਂਪੁਰਸ਼ ਕਿਵੇਂ ਹੋ ਸਕਦੇ ਨੇ ? ਮੈਂ ਮਹਾਂਪੁਰਸ਼ ਨਹੀਂ ਹਾਂ, ਮੈਂ ਮਹਾਂਪੁਰਸ਼ ਨਹੀਂ ਹਾਂ। ਪਿਛੋਂ ਗੀਤ ਦੀ

ਆਵਾਜ਼ - ਇਹ ਮਹਾਂਪੁਰਸ਼ ਨਹੀਂ ਹਨ, ਸੋਚ ਵਿਚਾਰ ਪਛਾਣੀਂ। ਪੜ੍ਹ ਕਿਤਾਬ ਖੋਜ ਭਰੀਆਂ, ਬਣ ਜਾ ਸਮੇਂ ਦਾ ਹਾਣੀ। (ਹਨ੍ਹੇਰਾ ਹੋ ਜਾਂਦਾ ਹੈ)

ਪੁਸਤਕ ਦੇ ਸਿਰਲੇਖ ਵਾਲਾ ਇਕਾਂਗੀ 'ਗ੍ਰਹਿਸਤ ਦਾ ਗੱਡਾ' ਵਿਸ਼ੇਸ਼ ਪ੍ਰਕਾਰ ਦਾ ਸੰਦੇਸ਼ ਵਾਹਕ ਹੈ, ਜਿਸ ਜ਼ਰੀਏ ਨਾਟਕਕਾਰ ਨੇ ਪ੍ਰਬੀਨ ਨਾਟ-ਜੁਗਤਾਂ ਰਾਹੀਂ ਪੰਜਾਬੀਆਂ ਨੂੰ ਇਹ ਸੁਨੇਹਾ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ ਕਿ "ਦੇਸ਼ ਹੈ ਪਿਆਰਾ ਸਾਨੂੰ ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ। ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ....।"

ਇਸੇ ਤਰ੍ਹਾਂ 'ਸਿਆਸਤ ਇਕ ਸਕੂਲ ਦੀ ਇਕਾਂਗੀ ਅਜੋਕੀ ਵਿੱਦਿਆ-ਪ੍ਰਣਾਲੀ ਦੇ ਵਿਵਹਾਰਕ ਪ੍ਰਸਾਰ ਦੇ ਆਲੋਚਨਾਤਮਕ ਯਥਾਰਥ ਦਾ ਪ੍ਰਗਟਾਵਾ ਹੈ। ਅਧਿਆਪਕ, ਸਕੂਲ ਪ੍ਰਿੰਸੀਪਲ, ਸਹਾਇਕ ਕਰਮਚਾਰੀ ਅਤੇ ਆਲੇ-ਦੁਆਲੇ ਦੇ ਸੰਬੰਧਿਤ ਕਾਰਕੁੰਨਾਂ ਦੀ ਇਸ ਇਕਾਂਗੀ ਵਿੱਚ ਅਸਲ ਚਰਿੱਤਰ ਦੀ ਤਹਿ ਨੂੰ ਪਛਾਣ ਕੇ ਪੇਸ਼ਕਾਰੀ ਕੀਤੀ ਗਈ ਹੈ। ਸਿਆਸੀ ਰੰਗ 'ਚ ਵਿੱਦਿਆ ਪ੍ਰਸਾਰ ਦਾ ਘ੍ਰਿਣਤ ਸਰੂਪ ਸਿਰਜਣ ਵਿਚ ਜਿਸ ਕਦਰ ਰਾਜਸੀ ਸ਼ਕਤੀਆਂ, ਇਨ੍ਹਾਂ ਸ਼ਕਤੀਆਂ ਦੇ ਪਰੋਸੇ ਵਿੱਦਿਅਕ ਖੇਤਰ ਦੇ ਅਹਿਲਕਾਰ, ਪ੍ਰਿੰਸੀਪਲ ਆਦਿ ਜਿਸ ਕਦਰ ਵਿੱਦਿਆ ਪਸਾਰ ਦਾ ਵਿਨਾਸ਼ ਕਰਨ ਤੁਲੇ ਹੋਏ ਹਨ, ਉਨ੍ਹਾਂ ਸਭਨਾਂ ਸਰੋਕਾਰਾਂ ਨੂੰ ਇਕ ਇਕਾਂਗੀ ਵਿਚਲੇ ਪ੍ਰਿੰਸੀਪਲ, ਕੇਵਲ ਸਿੰਘ, ਢਿੱਲੋਂ, ਬਖਤੌਰਾ, ਮਨੀ, ਜੇਤਲੀ ਆਦਿ ਤੋਂ ਛੁੱਟ ਹੋਰ ਆਵਾਜ਼ਾਂ ਜ਼ਰੀਏ ਇਕਾਂਗੀਕਾਰ ਨੇ ਖ਼ੂਬ ਉਭਾਰਿਆ ਹੈ ਅਤੇ ਗੀਤ ਦੀ ਸੁਰ 'ਚ ਪੈਗ਼ਾਮ ਦਿੱਤਾ ਹੈ ਕਿ -

"ਅੱਖਰਾਂ ਦੀ ਦੁਨੀਆ ਸਕੂਲ, ਗਿਆਨ ਦਾ ਭੰਡਾਰ ਇਹਦੇ ਅੰਦਰ।
ਸਿਆਸਤ ਦਾ ਕੀ ਕੰਮ ਹੈ ਇਥੇ, ਇਹ ਤਾਂ ਵਿੱਦਿਆ ਦੇ ਨੇ ਮੰਦਰ।"

ਅਜਿਹੇ ਅਗਾਂਹ-ਵਧੂ ਸੋਚ-ਦ੍ਰਿਸ਼ਟੀ ਦੇ ਸੰਕਲਪਾਂ ਨੂੰ ਪੇਸ਼ ਕਰਦੀ ਇਹ ਪੁਸਤਕ ਸੱਚ-ਮੁੱਚ ਪੰਜਾਬੀ, ਪੰਜਾਬੀਅਤ ਅਤੇ ਭਾਰਤੀ ਲੋਕ-ਚਾਰੇ ਵਿੱਚ ਉਸਾਰੂ ਕਦਰ-ਪ੍ਰਣਾਲੀ ਦੀ ਸਥਾਪਨਾ ਕਰਦੀ ਪ੍ਰਤੀਤ ਹੁੰਦੀ ਹੈ, ਜਿਸ ਜ਼ਰੀਏ ਭਾਰਤੀ ਕੌਮੀਅਤ ਉਚ-ਸਮਾਜਕ, ਧਾਰਮਿਕ ਅਤੇ ਰਾਜਸੀ ਮੁੱਲਾਂ ਦੀ ਧਾਰਨੀ ਬਣ ਸਕਦੀ ਹੈ। (ਚਲਦਾ)

**-ਏ-9, ਚਾਹ ਨਗਰ, ਫਗਵਾੜਾ**-144401
**ਮੋਬਾਇਲ** 98142-09732

◆◆◆

# ਪਾਠਕ ਦਰਪਣ

ਸ੍ਰੀਮਾਨ ਜੀ,

ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਆਪ ਜੀ ਨੇ ਮੇਰਾ ਗੀਤ ਰੂਹ ਪੰਜਾਬੀ ਅੰਕ ਅਪ੍ਰੈਲ-ਜੂਨ 2016 ਵਿੱਚ ਪ੍ਰਕਾਸ਼ਿਤ ਕੀਤਾ ਸੀ। ਇਸ ਦੇ ਨਾਲ ਹੀ ਮੇਰੀ ਚਿੱਠੀ ਨੂੰ ਵੀ ਪ੍ਰਕਾਸ਼ਿਤ ਕੀਤਾ ਗਿਆ ਸੀ। ਇਹ ਮੈਗਜ਼ੀਨ ਬਹੁਤ ਵਧੀਆ ਲੱਗਾ ਜੀ। ਸੱਚ ਆਖਾਂ ਤਾਂ ਸ਼ਬਦ ਨਹੀਂ ਹਨ ਸਿਫ਼ਤ ਲਈ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਇਹ ਮੈਗਜ਼ੀਨ ਦਿਨ ਦੁਗਣੀ ਰਾਤ ਚੋਗੁਣੀ ਤਰੱਕੀ ਕਰੇ ਜੀ।

**ਗੀਤਕਾਰ-ਲਖਨ ਮੇਘੀਆ,**
**ਪਿੰਡ-ਮੇਘੀਆ, ਡਾਕ. ਪੁਰਾਣਾ ਸ਼ਾਲਾ,, (ਗੁਰਦਾਸਪੁਰ)**
ਮੋ. 7837751034

◆◆◆

**ਸਤਵਿੰਦਰ ਬੇਗੋਵਾਲੀਆ ਜੀਓ,**

**ਸਤਿ ਸ੍ਰੀ ਅਕਾਲ।**

ਤੁਹਾਡੇ ਦੁਆਰਾ ਭੇਜਿਆ ਮੈਗਜ਼ੀਨ 'ਰੂਹ ਪੰਜਾਬੀ' ਮਿਲ ਗਿਆ ਹੈ। ਸਾਰੀਆਂ ਹੀ ਰਚਨਾਵਾਂ ਦੀ ਚੋਣ ਚੰਗੇ ਤਰੀਕੇ ਨਾਲ ਕੀਤੀ ਗਈ ਹੈ। ਪੜ੍ਹ ਕੇ ਚੰਗਾ ਲੱਗਾ। ਕਾਮਨਾ ਕਰਦਾ ਹਾਂ ਮੈਗਜ਼ੀਨ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ। ਦੋ ਰਚਨਾਵਾਂ ਵੀ ਭੇਜ ਰਿਹਾ ਹਾਂ ਛਾਪਣ ਲਾਈਕ ਸਮਝੋ ਤਾਂ ਛਾਪ ਦੇਣਾ ਜੀ।

**ਧੰਨਵਾਦ**

**ਸੁਖਵਿੰਦਰ ਸਿੰਘ ਲੋਟੇ**, 094177-73277

◆◆◆



ਪਿਆਰੇ ਸਤਵਿੰਦਰ ਜੀ

ਪਰਚਾ ਤੁਹਾਡਾ ਸੁੰਦਰ ਹੈ। ਮੈਟਰ ਭਾਵਪੂਰਤ ਹੈ। ਪਰਚੇ ਦਾ ਨਾਂ 'ਰੂਹ ਪੰਜਾਬ' ਹੀ ਰੱਖਣਾ ਹੈ। ਇਹ ਬਹੁਤ ਜ਼ਰੂਰੀ ਹੈ। ਸਮੇਂ ਸਮੇਂ ਰਚਨਾ ਭੇਜਣ ਦੀ ਕੋਸ਼ਿਸ਼ ਕਰਾਂਗਾ।

**ਹਿਤੂ**

**ਨਵਰਾਹੀ ਘੁਗਿਆਣਵੀ**
**ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ, ਫਰੀਦਕੋਟ**
98150-02302

◆◆◆

ਪਿਆਰੇ ਵੀਰ ਸਤਵਿੰਦਰ ਬੇਗੋਵਾਲੀਆ ਜੀਓ!

ਸਤਿ ਸ੍ਰੀ ਅਕਾਲ। ਰੂਹ ਦਾ ਹਾਣੀ, "ਰੂਹ ਪੰਜਾਬੀ"

ਤਾਜ਼ਾ ਅੰਕ ਜੁਲਾਈ ਸਤੰਬਰ 2016 ਮਿਲਿਆ। ਪ੍ਰਸਿੱਧ ਵਿਗਿਆਨ ਲੁਈਸ ਪਾਸਚਰ ਦੀ ਜੀਵਨੀ ਤੇ ਵਿਗਿਆਨਕ ਖੋਜਾਂ ਤੇ ਅਧਾਰਿਤ ਆਪ ਦਾ ਨਾਟਕ (ਲਘੂ) ਪਸੰਦ ਆਇਆ। ਵਿਗਿਆਨਕ ਚੇਤਨਾ ਦੇ ਪਾਸਾਰ ਵਾਲੀਆਂ ਲਿਖਤਾਂ ਦੀ ਜ਼ਰੂਰਤ ਹੈ। ਮਿੰਨੀ ਕਹਾਣੀਆਂ, ਗ਼ਜ਼ਲਾਂ ਤੇ ਹੋਰ ਲਿਖਤਾਂ ਨੂੰ ਪੜ੍ਹਿਆ ਮਾਣਿਆ ਹੈ। ਪਰੂਫ਼ ਰੀਡਿੰਗ ਵਾਸਤੇ ਕੁਝ ਜ਼ਿਆਦਾ ਸਮਾਂ ਕੱਢ ਲਿਆ ਕਰੋ। ਵੱਡੇ ਵੀਰ ਦੀ ਬੇਨਤੀ ਹੈ। ਰੂਹ ਪੰਜਾਬੀ ਦੇ ਸਾਰੇ ਪ੍ਰਬੰਧਕਾਂ, ਸਹਿਯੋਗੀਆਂ ਨੂੰ ਮੇਰਾ ਸਤਿਕਾਰ ਪੁੱਜੇ।

**ਆਪ ਦਾ ਵੀਰ**

**ਪ੍ਰੋ. ਜਸਵੰਤ ਸਿੰਘ ਕੈਲਵੀ**

◆◆◆

ਸਤਵਿੰਦਰ ਬੇਗੋਵਾਲੀਆ ਜੀ!

ਰੂਹ ਪੰਜਾਬੀ ਦਾ ਅੰਕ ਨੰ. 13 ਪ੍ਰਾਪਤ ਹੋਇਆ। ਸਾਹਿਤ ਦੀ ਹਰ ਵੰਨਗੀ ਨੂੰ ਸ਼ਾਮਿਲ ਕਰਨਾ ਤੁਹਾਡੀ ਮਿਹਨਤ ਦੀ ਹਾਮੀ ਭਰਦੀ ਹੈ।

ਸ਼ੁਭਕਾਮਨਾਵਾਂ।

**ਰਾਜਿੰਦਰ ਵਰਮਾ**, 99142-21910

◆◆◆

ਪ੍ਰੋਫੈਸਰ ਸਤਵਿੰਦਰ ਬੇਗੋਵਾਲੀਆ ਜੀ!

ਸਤਿ ਸ੍ਰੀ ਅਕਾਲ।

ਰੂਹ ਪੰਜਾਬੀ ਸਾਹਿਤ ਪੰਜਾਬੀਆਂ ਦੇ ਰੂਹ ਦੀ ਖ਼ੁਰਾਕ ਬਣਦਾ ਜਾ ਰਿਹਾ ਹੈ। ਤੁਸੀਂ ਹਰ ਲੇਖਕ ਦੀਆਂ ਰਚਨਾਵਾਂ ਨੂੰ ਪੂਰਾ ਮਾਣ ਦਿੰਦੇ ਹੋ।

ਧੰਨਵਾਦ।

**ਡਾ. ਸੁਖਮਿੰਦਰ ਸੇਖੋਂ, ਪਟਿਆਲਾ**